ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ     ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਸ਼ਨੀਵਾਰ 7 ਜੂਨ 2025 • ਸਾਲ 1 • ਅੰਕ 64 • ਪੰਨੇ 8 • Daily online PANJ AAB Newspaper • Germany & India • www.5aab.media

# ਲੁਧਿਆਣਾ ਜ਼ਿਮਨੀ ਚੋਣ: ਆਸ਼ੂ ਨੂੰ ਸੰਮਨ ਭੇਜਣ ਵਾਲਾ SSP ਸਸਪੈਂਡ

**ਲੁਧਿਆਣਾ।** ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਕਾਂਗਰਸ ਉਮੀਦਵਾਰ ਤੇ ਸਾਬਕਾ ਕੈਬਿਨਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਜਾਂਚ ਦੇ ਲਈ ਨੋਟਿਸ ਭੇਜਣ ਵਾਲੇ ਐਸਐਸਪੀ ਨੂੰ ਪੰਜਾਬ ਸਰਕਾਰ ਨੇ ਸਸਪੈਂਡ ਕਰ ਦਿੱਤਾ ਹੈ। ਹੁਣ ਆਸ਼ੂ ਨੂੰ ਵਿਜੀਲੈਂਸ ਦੇ ਸਾਹਮਣੇ ਪੇਸ਼ ਨਹੀਂ ਹੋਣਾ ਹੋਵੇਗਾ। ਦੱਸਿਆ ਜਾ ਰਿਹਾ ਹੈ ਕਿ ਐਸਐਸਪੀ ਤੇ ਭਾਰਤ ਭੂਸ਼ਣ ਆਸ਼ੂ ਦੇ ਵਿਚਕਾਰ ਸਿੱਧੀ ਗੱਲਬਾਤ ਹੋ ਰਹੀ ਸੀ।

ਦੋਹਾਂ ਦੇ ਪੁਰਾਣੇ ਲਿੰਕ ਸਾਹਮਣੇ ਆਏ ਹਨ। ਆਸ਼ੂ ਨੇ ਇਸ ਅਫ਼ਸਰ ਨੂੰ ਪਹਿਲਾਂ ਡੀਐਸਪੀ ਪੋਸਟ 'ਤੇ ਨਿਯੁਕਤ ਕੀਤਾ ਸੀ। ਚੋਣ ਦੀ ਘੋਸ਼ਣਾ ਤੋਂ ਕੁੱਝ ਦਿਨ



ਪਹਿਲਾਂ ਐਸਐਸਪੀ ਤੇ ਆਸ਼ੂ ਦੀ ਗੁਪਤ ਮੁਲਾਕਾਤ ਹੋਈ ਸੀ। ਫਿਰ ਬਿਨਾਂ ਕਿਸੀ ਅਧਿਕਾਰਤ ਆਦੇਸ਼ ਦੇ ਰਾਤੋਂ-ਰਾਤ ਸੰਮਨ ਭੇਜਿਆ ਗਿਆ। ਇਸ ਬਹਾਨੇ ਆਸ਼ੂ ਵੱਲੋਂ ਹਮਦਰਦੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।

ਲੁਧਿਆਣਾ ਪੱਛਮੀ ਚ 19 ਜੂਨ ਨੂੰ ਜ਼ਿਮਨੀ ਚੋਣ ਹੋਣੀ ਹੈ। ਇਸ ਤੋਂ ਪਹਿਲਾਂ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਵਿਜੀਲੈਂਸ ਨੇ ਸੰਮਨ ਜਾਰੀ ਕੀਤਾ ਸੀ। ਉਨ੍ਹਾਂ ਨੂੰ ਲੁਧਿਆਣਾ ਦੇ ਸਰਾਭਾ ਨਗਰ ਚ ਸਕੂਲ ਦੀ ਜ਼ਮੀਨ ਦੀ ਦੁਰਵਰਤੋਂ ਕਰਨ ਤੇ 2400 ਕਰੋੜ ਰੁਪਏ ਦੇ ਘੁਟਾਲੇ ਦੇ ਸਿਲਸਿਲੇ ਚ ਅੱਜ ਯਾਨੀ 6 ਜੂਨ ਨੂੰ 10 ਵਜੇ ਪੇਸ਼ ਹੋਣ ਲਈ ਕਿਹਾ ਸੀ। ਹਾਲਾਂਕਿ, ਆਸ਼ੂ ਵਿਜੀਲੈਂਸ ਅੱਗੇ ਪੇਸ਼ ਨਹੀਂ ਹੋਏ, ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਚੋਣ ਮੁਹਿੰਮ ਨੂੰ ਰੋਕਿਆ ਜਾ ਰਿਹਾ ਹੈ ਤੇ ਬਦਨਾਮ ਕੀਤਾ ਜਾ ਰਿਹਾ ਹੈ ਤੇ ਉਹ 19 ਜੂਨ ਤੋਂ ਬਾਅਦ ਪੇਸ਼ ਹੋਣਗੇ। (ਬਾਕੀ 2 ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਆਯੋਜਿਤ

**ਅੰਮ੍ਰਿਤਸਰ** - ਜੂਨ 1984 'ਚ ਭਾਰਤ ਦੀ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਤੇ ਜਨਰਲ ਸ਼ੁਬੇਗ ਸਿੰਘ ਸਮੇਤ ਹੋਰ ਸ਼ਹੀਦਾਂ ਦੀ ਯਾਦ 'ਚ ਸ਼ਰੋਮਣੀ ਕਮੇਟੀ ਵੱਲੋਂ ਸਾਲਾਨਾ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਇਸ ਸਮਾਗਮ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ, (ਬਾਕੀ 2 ਤੇ)

## ਘੱਲੂਘਾਰੇ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਨਾਲ ਦਿੱਤਾ ਸਨਮਾਨ





## ਜੂਨ 1984 ਦਾ ਘੱਲੂਆਰਾ ਭੁੱਲ ਨਹੀਂ ਸਕਦੀ ਸਿੱਖ ਕੌਮ -ਐਡਵੋਕੇਟ ਧਾਮੀ

**ਜੂਨ** 1984 ਦੇ ਘੱਲੂਘਾਰੇ ਦੇ ਸਾਲਾਨਾ ਸਮਾਗਮ ਮੌਕੇ ਪੁੱਜੇ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਕਾਂਗਰਸ ਹਕੂਮਤ ਵੱਲੋਂ ਸਿੱਖ ਕੌਮ 'ਤੇ 1984 ਦੇ ਜੂਨ ਮਹੀਨੇ ਵਿਚ ਕੀਤਾ ਗਿਆ ਜੁਲਮ ਕਦੇ ਨਹੀਂ ਭੁਲਾਇਆ ਜਾ ਸਕਦਾ। ਐਡਵੋਕੇਟ ਧਾਮੀ ਨੇ ਕਿਹਾ ਕਿ ਜਦੋਂ ਤਕ ਦੁਨੀਆ ਰਹੇਗੀ ਕਾਂਗਰਸ ਵੱਲੋਂ ਸਿੱਖਾਂ 'ਤੇ ਵਰਤਾਇਆ ਕਹਿਰ ਯਾਦ ਕੀਤਾ ਜਾਂਦਾ ਰਹੇਗਾ। ਹਰ ਸਾਲ ਜੂਨ ਮਹੀਨੇ ਅੰਦਰ ਸਿੱਖ ਕੌਮ ਦੀਆਂ ਭਾਵਨਾਵਾਂ ਗਹਿਰੀ ਪੀੜਾ 'ਚੋਂ ਲੰਘਦੀਆਂ ਹਨ ਅਤੇ ਹਰ ਸੰਜੀਦਾ ਮਨੁੱਖ ਸਰਕਾਰ ਦੀ ਇਸ ਘਟੀਆ ਹਰਕਤ ਨੂੰ ਨਿੰਦਦਾ ਹੈ। ਉਨ੍ਹਾਂ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੌਮ ਦੇ ਜੁਝਾਰੂ ਨਾਇਕ ਕਰਾਰ ਦਿੰਦਿਆਂ ਕੌਮ ਦੀ ਚੜ੍ਹਦੀ ਕਲਾ ਵਾਸਤੇ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਜੂਨ ਦਾ ਇਹ ਹਫ਼ਤਾ (ਬਾਕੀ 2 ਤੇ)

## ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਲਈ ਨਿਹੰਗ ਜਥੇਬੰਦੀਆਂ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਬਰ ਤਿਆਰ ਹਨ: ਬਾਬਾ ਬਲਬੀਰ ਸਿੰਘ 96 ਕਰੋੜੀ

**ਅੰਮ੍ਰਿਤਸਰ** - ਨਿਹੰਗ ਸਿੰਘਾਂ ਦੀਆਂ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਅਤੇ ਨਿਹੰਗ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ 1984 ਦੇ ਸ਼ਹੀਦੀ ਘੱਲੂਘਾਰੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਪ੍ਰਕਰਮਾ 'ਚ ਸਥਿਤ ਯਾਦਗਾਰ ਗੁ: ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਨਿਹੰਗ ਸਿੰਘ (ਬਾਕੀ 2 ਤੇ)



# ਦਿੱਲੀ ਦੀ ਸੀ.ਐਮ. ਰੇਖਾ ਗੁਪਤਾ ਨੂੰ ਜਾਨੋਂ ਮਾਰਨ ਦੀ ਧਮਕੀ !

**ਨਵੀਂ ਦਿੱਲੀ।** ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਜਾਨੋਂ ਮਾਰਨ ਦੀ ਧਮਕੀ ਮਿਲਣ ਤੋਂ ਬਾਅਦ ਹੜਕੰਪ ਮਚ ਗਿਆ ਹੈ। ਇਹ ਧਮਕੀ ਗਾਜ਼ੀਆਬਾਦ ਦੇ ਇੱਕ ਫੋਨ ਕਰਨ ਵਾਲੇ ਨੇ ਦਿੱਤੀ ਸੀ, ਜਿਸਨੇ ਰਾਤ 11 ਵਜੇ ਦੇ ਕਰੀਬ ਪੀਸੀਆਰ ਨੂੰ ਫ਼ੋਨ ਕਰਕੇ ਇਹ ਜਾਣਕਾਰੀ ਦਿੱਤੀ। ਕਾਲ ਮਿਲਦੇ ਹੀ ਗਾਜ਼ੀਆਬਾਦ ਪੁਲਿਸ ਹਰਕਤ ਵਿੱਚ ਆ ਗਈ ਅਤੇ ਤੁਰੰਤ ਦਿੱਲੀ ਪੁਲਿਸ ਨੂੰ ਮਾਮਲੇ ਬਾਰੇ ਸੂਚਿਤ ਕੀਤਾ। ਪੁਲਿਸ ਦੇ ਅਨੁਸਾਰ, ਧਮਕੀ ਦੇਣ ਵਾਲਾ ਫੋਨ ਕਰਨ ਵਾਲਾ ਫਰਾਰ ਹੈ ਅਤੇ ਉਸਦਾ ਮੋਬਾਈਲ ਫੋਨ ਵੀ ਰਾਤ ਤੋਂ ਬੰਦ ਹੈ। ਫੋਨ ਕਰਨ ਵਾਲੇ ਦੀ ਪਛਾਣ ਅਤੇ ਸਥਾਨ ਦਾ ਪਤਾ ਲਗਾਉਣ ਲਈ ਤਕਨੀਕੀ ਸਹਾਇਤਾ ਲਈ ਜਾ ਰਹੀ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਦਿੱਲੀ ਪੁਲਿਸ ਨੇ ਮੁੱਖ ਮੰਤਰੀ

**ਗਾਜ਼ੀਆਬਾਦ ਤੋਂ ਆਈ ਕਾਲ, ਵਧਾਈ ਗਈ ਸੁਰੱਖਿਆ**



ਦੀ ਸੁਰੱਖਿਆ ਵਧਾ ਦਿੱਤੀ ਹੈ। ਦੋਵਾਂ ਸ਼ਹਿਰਾਂ ਦੀ ਪੁਲਿਸ ਸਾਂਝੇ ਤੌਰ 'ਤੇ ਜਾਂਚ ਵਿੱਚ ਲੱਗੀ ਹੋਈ ਹੈ। ਫਿਲਹਾਲ ਮਾਮਲੇ ਦੀ ਤਹਿ ਤੱਕ ਪਹੁੰਚਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਰੇਖਾ ਗੁਪਤਾ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਦਿੱਲੀ ਵਿੱਚ 100 ਦਿਨ ਪੂਰੇ ਕਰ ਲਏ ਹਨ। ਇਸ ਤੋਂ ਪਹਿਲਾਂ ਦਿੱਲੀ ਵਿੱਚ (ਬਾਕੀ 2 ਤੇ)

## ਯੁਵੀ ਨੂੰ ਮਾਰਨ ਆਸ਼ੂ ਮੋਂਗਾ ਖੁਦ ਹੀ ਮਾਰਿਆ ਗਿਆ, ਕਰਾਸ ਪਰਚੇ ਦੌਰਾਨ 18 ਵਿਅਕਤੀ ਨਾਮਜ਼ਦ

**ਫਿਰੋਜ਼ਪੁਰ** : ਫਿਰੋਜ਼ਪੁਰ ਦੇ ਮਖੂ ਗੇਟ ਨੇੜੇ ਵੀਰਵਾਰ ਸ਼ਾਮ ਨੂੰ ਹੋਏ ਗੋਲੀਕਾਂਡ 'ਚ ਨਵਾਂ ਮੋੜ ਆਇਆ ਹੈ। ਮੁਕਾਬਲਾ ਗੈਂਗਵਾਰ ਦੀ ਥਾਂ ਨਿੱਜੀ ਰੰਜਿਸ਼ ਦਾ ਨਤੀਜਾ ਨਿਕਲਿਆ। ਪੁਲਿਸ ਦੀ ਮੁੱਢਲੀ ਜਾਂਚ ਅਨੁਸਾਰ ਆਸ਼ੂ ਮੋਂਗਾ ਆਪਣੇ ਸਾਥੀਆਂ ਸਮੇਤ ਯੁਵਰਾਜ ਉਰਫ ਯੁਵੀ ਨੂੰ ਮਾਰਨ ਗਿਆ ਸੀ, ਪਰ ਯੁਵੀ ਵੱਲੋਂ ਜਵਾਬੀ ਫਾਇਰਿੰਗ 'ਚ ਆਸ਼ੂ ਮੋਂਗਾ ਹੀ ਮਾਰਿਆ ਗਿਆ। ਪੁਲਿਸ ਨੇ ਦੋਵਾਂ ਪਾਸਿਆਂ ਵਲੋਂ ਦਿੱਤੇ ਗਏ ਬਿਆਨਾਂ ਆਧਾਰਤ ਕਰਾਸ ਪਰਚੇ ਦਰਜ ਕਰ ਕੇ ਕੁੱਲ 18 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ, ਜਿਨ੍ਹਾਂ 'ਚੋਂ 4-5 ਅਣਪਛਾਤੇ ਹਨ। ਸਾਰੇ ਦੋਸ਼ੀ ਅਸ਼ੀਸ਼ ਚੋਪੜਾ (ਬਾਕੀ 2 ਤੇ)

# ਭਾਰਤ ਭੂਸ਼ਨ ਆਸ਼ੂ ਦੇ ਹੱਕ 'ਚ ਨਿਤਰੇ ਵੜਿੰਗ, ਬੋਲੇ- ਕਾਂਗਰਸ ਇੱਕਜੁਟ ਹੈ



**ਲੁਧਿਆਣਾ।** ਲੁਧਿਆਣਾ 'ਚ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਸਾਥੀਆਂ ਸਮੇਤ ਪ੍ਰੈੱਸ ਕਾਨਫਰੰਸ ਕੀਤਾ ਹੈ। ਇਸ ਦੌਰਾਨ ਭਾਰਤ ਭੂਸ਼ਣ ਆਸ਼ੂ ਨੂੰ ਵਿਜੀਲੈਂਸ ਵੱਲੋਂ ਭੇਜੇ ਗਏ ਸੰਮਨ ਮਾਮਲੇ 'ਚ ਸੂਬਾ ਸਰਕਾਰ 'ਤੇ ਸਵਾਲ ਚੁੱਕੇ ਗਏ ਹਨ।

ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਦੇ ਉਮੀਦਵਾਰ 'ਤੇ ਦਬਾਅ ਪਾਉਣ ਦਾ ਯਤਨ ਕੀਤਾ ਜਾ ਰਿਹਾ ??। ਉਨ੍ਹਾਂ ਕਿਹਾ ਕਿ ਕਿਸਾ ਧੱਕਾ ਨਹੀਂ ਨਹੀਂ ਕੀਤਾ ਜਾਣਾ ਚਾਹੀਦਾ। ਉਹਨਾਂ ਕਿਹਾ ਕਿ ਕਾਂਗਰਸ ਇਸ ਲੜਾਈ ਨੂੰ ਇੱਕਜੁੱਟਤਾ ਦੇ ਨਾਲ ਲੜੇਗੀ। ਇਸ ਤੋਂ ਇਲਾਵਾ ਰਾਜਾ ਵੜਿੰਗ ਨੇ ਕਿਹਾ ਕਿ ਬੇਸ਼ੱਕ ਉਹਨਾਂ ਦੇ ਕੁਝ ਆਪਸੀ ਮਤਭੇਦ ਹੋ ਸਕਦੇ ਹਨ, ਪਰ ਕਾਂਗਰਸ ਇੱਕ ਪਲੇਟਫਾਰਮ 'ਤੇ ਇਕੱਠੀ ਹੈ।

ਇਹੀ ਨਹੀਂ, ਉਹਨਾਂ ਕਿਹਾ ਕਿ ਜੋ ਵਿਜੀਲੈਂਸ ਐਸਐਸਪੀ ਨੂੰ ਸਸਪੈਂਡ ਕੀਤਾ ਗਿਆ ਹੈ ਉਸ ਬਾਰੇ ਉਹਨਾਂ ਨੂੰ ਜਾਣਕਾਰੀ ਨਹੀਂ ਹੈ ਪਰ ਜੇਕਰ ਸਸਪੈਂਡ ਕੀਤਾ ਗਿਆ ਹੈ ਤਾਂ ਇਹ ਸਰਕਾਰ ਵੱਲੋਂ ਹੀ ਪਹਿਲਾਂ ਨੋਟਿਸ ਭੇਜਿਆ ਗਿਆ। ਉਸ ਤੋਂ ਬਾਅਦ ਵਿੱਚ ਉਹਨਾਂ ਨੂੰ ਸਸਪੈਂਡ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਹ ਇੱਕ ਸਿਆਸੀ ਡਰਾਮਾ ਰਚਿਆ ਗਿਆ ਹੈ।

ਡੱਟ ਕੇ ਲੜਾਂਗੇ ਲੜਾਈ: ਵੜਿੰਗ

ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਹ ਵੀ ਕਿਹਾ ਕਿ ਕਾਂਗਰਸ ਪਾਰਟੀ ਦੇ ਕਿਸੇ ਵੀ ਵਰਕਰ ਤੇ ਅਗਰ ਸਰਕਾਰ ਧੱਕਾ ਕਰਦੀ ਹੈ ਜਾਂ ਉਸ ਦੇ ਮਾਮਲਾ ਦਰਜ ਕਰਦੀ ਹੈ ਤਾਂ ਉਸ ਖਿਲਾਫ ਡੱਟ ਕੇ ਲੜਾਈ ਲੜੀ ਜਾਵੇਗੀ। ਇਸ ਤੋਂ ਇਲਾਵਾ ਉਹਨਾਂ ਬਠਿੰਡੇ 'ਚ ਹੋਈ ਘਟਨਾ ਨੂੰ ਲੈ ਕੇ ਸੂਬਾ ਸਰਕਾਰ ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਰੋਕਣ ਵਿੱਚ ਸੂਬਾ ਸਰਕਾਰ ਫੇਲ੍ਹ ਸਾਬਤ ਹੋਈ ਹੈ। ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਜੋ ਵੀ ਪਰਚੇ ਦਰਜ ਕੀਤੇ ਗਏ ਹਨ, ਉਸ ਨੂੰ ਸਰਕਾਰ ਆਉਣ ਤੇ ਖਾਰਜ ਕੀਤਾ ਜਾਵੇਗਾ।

ਉਹਨਾਂ ਕਾਂਗਰਸ ਦੀ ਇੱਕਜੁੱਟਤਾ ਦਾ ਸੁਨੇਹਾ ਵੀ ਦਿੱਤਾ ਤੇ ਕਿਹਾ ਕਿ ਉਹ ਇੱਕ ਪਲੈਟਫਾਰਮ (ਬਾਕੀ 2 ਤੇ)

## ਕਰਨਾਟਕ ਸਰਕਾਰ ਦੀ ਕਾਰਵਾਈ

# ਸਿੱਧਰਮਈਆ ਦੇ ਸਿਆਸੀ ਸਕੱਤਰ ਨੂੰ ਹਟਾਇਆ, ਇੰਟੈਲੀਜੈਂਸ ਵਿਭਾਗ ਦੇ ਮੁਖੀ ਦਾ ਤਬਾਦਲਾ



**ਬੈਂਗਲੁਰੂ** : ਬੈਂਗਲੁਰੂ 'ਚ ਆਰਸੀਬੀ ਦੇ ਜਸ਼ਨ ਦੌਰਾਨ ਚਿੰਨਾਸਵਾਮੀ ਸਟੇਡੀਅਮ ਦੇ ਬਾਹਰ ਭਗਦੜ 'ਚ 11 ਲੋਕਾਂ ਦੀ ਮੌਤ ਹੋ ਗਈ। ਕਰਨਾਟਕ ਸਰਕਾਰ ਨੇ ਲਾਪਰਵਾਹੀ ਅਤੇ ਕੁਪ੍ਰਬੰਧਨ ਦੇ ਦੋਸ਼ਾਂ ਤੋਂ ਬਾਅਦ ਬੈਂਗਲੁਰੂ ਪੁਲਿਸ ਕਮਿਸ਼ਨਰ, ਸੈਂਟਰਲ ਡਿਵੀਜ਼ਨ ਦੇ ਡੀਸੀਪੀ, ਏਸੀਪੀ (ਪੱਛਮੀ) ਅਤੇ ਸਥਾਨਕ ਇੰਸਪੈਕਟਰ ਨੂੰ ਮੁਅੱਤਲ ਕਰ ਦਿੱਤਾ ਸੀ।

ਹੁਣ ਕਰਨਾਟਕ ਸਰਕਾਰ ਨੇ ਮੁੱਖ ਮੰਤਰੀ ਸਿੱਧਰਮਈਆ ਦੇ ਸਿਆਸੀ ਸਕੱਤਰ ਗੋਵਿੰਦਰਾਜੂ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਗੋਵਿੰਦਾਰਾਜੂ ਕਾਂਗਰਸ ਦੇ ਐਮਐਲਸੀ ਹਨ ਤੇ ਸਿੱਧਰਮਈਆ ਦੇ ਬਹੁਤ ਨੇੜੇ ਮੰਨੇ ਜਾਂਦੇ ਹਨ। ਹਾਲਾਂਕਿ, ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ।

ਸੂਤਰਾਂ ਅਨੁਸਾਰ, ਗੋਵਿੰਦਾਰਾਜੂ ਦੇ ਦਬਾਅ ਕਾਰਨ ਹੀ ਸਿੱਧਰਮਈਆ ਨੇ ਸਨਮਾਨ ਪ੍ਰੋਗਰਾਮ ਦੀ ਇਜਾਜ਼ਤ ਦਿੱਤੀ। ਕਿਹਾ ਗਿਆ ਸੀ ਕਿ ਵੀਰਵਾਰ ਸ਼ਾਮ ਨੂੰ ਹੋਈ ਕੈਬਨਿਟ ਮੀਟਿੰਗ 'ਚ ਮੰਤਰੀਆਂ ਨੇ ਗੋਵਿੰਦਾਰਾਜੂ ਵਿਰੁੱਧ ਬਹੁਤ ਨਾਰਾਜ਼ਗੀ ਜ਼ਾਹਰ ਕੀਤੀ ਸੀ। ਕੇਂਦਰੀ ਮੰਤਰੀ ਐਚਡੀ ਕੁਮਾਰਸਵਾਮੀ ਨੇ ਹਾਦਸੇ ਲਈ ਗੋਵਿੰਦਾਰਾਜੂ ਨੂੰ ਜ਼ਿੰਮੇਵਾਰ ਠਹਿਰਾਇਆ।

ਕੁਮਾਰਸਵਾਮੀ ਨੇ ਦੋਸ਼ ਲਾਇਆ ਕਿ ਗੋਵਿੰਦਾਰਾਜੂ ਨੇ ਬੈਂਗਲੁਰੂ ਪੁਲਿਸ ਕਮਿਸ਼ਨਰ ਨੂੰ ਫੋਨ ਕੀਤਾ ਤੇ ਜਿੱਤ ਦਾ ਜਸ਼ਨ ਮਨਾਉਣ ਦੀ ਇਜਾਜ਼ਤ ਦੇਣ ਲਈ ਦਬਾਅ ਪਾਇਆ। ਜਦੋਂ ਕਮਿਸ਼ਨਰ ਨੇ ਕਿਹਾ ਕਿ ਦੋ ਪ੍ਰੋਗਰਾਮ (ਬਾਕੀ 2 ਤੇ)

# ਸਰਹੱਦ ਪਾਰੋਂ ਚੱਲ ਰਹੇ ਹਥਿਆਰ ਤਸਕਰੀ ਨੈੱਟਵਰਕ ਦਾ ਅੰਮ੍ਰਿਤਸਰ ਵਿੱਚ ਪਰਦਾ.ਫਾਸ਼; ਅੱਠ ਪਿਸਤੌਲਾਂ ਸਮੇਤ ਦੋ ਗ੍ਰਿ.ਫਤਾਰ

**ਚੰਡੀਗੜ੍ਹ/ਅੰਮ੍ਰਿਤਸਰ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਸਮਰਥਿਤ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸਦੇ ਦੋ ਕਾਰਕੁੰਨਾਂ ਨੂੰ ਗ੍ਰਿ.ਫਤਾਰ ਕੀਤਾ । ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਦਿੱਤੀ। ਗ੍ਰਿ.ਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਦਾਓਕੇ (ਬਾਕੀ 2 ਤੇ)




# ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਘੱਲੂਘਾਰਾ ਸਮਾਗਮ 'ਚ ਜਬਰਦਸਤ ਨਾਅਰੇਬਾਜ਼ੀ ਅਤੇ ਸ਼ਾਨਦਾਰ ਪ੍ਰਦਰਸ਼ਨ

## ਦਰਬਾਰ ਸਾਹਿਬ 'ਤੇ ਹਮਲਾ ਭੁੱਲਿਆ ਨਹੀਂ ਜਾ ਸਕਦਾ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

**ਅੰਮ੍ਰਿਤਸਰ**

ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਜੂਨ 1984 ਦੇ ਘੱਲੂਘਾਰੇ ਦੀ 41ਵੇਂ ਵਰ੍ਹੇਗੰਢ 'ਤੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਦੌਰਾਨ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਖ਼ਾਲਿਸਤਾਨ ਦੇ ਪੱਖ 'ਚ ਜਬਰਦਸਤ ਨਾਅਰੇਬਾਜ਼ੀ ਕੀਤੀ ਗਈ ਤੇ ਇਸ ਦੌਰਾਨ ਨੌਜਵਾਨਾਂ ਨੇ ਸ਼ਹੀਦਾਂ ਦੀਆਂ ਤਸਵੀਰਾਂ ਹੱਥਾਂ 'ਚ ਫੜ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਇਹਨਾਂ ਪੋਸਟਰਾਂ ਉੱਤੇ ਪੰਜਾਬੀ ਤੇ ਅੰਗਰੇਜ਼ੀ 'ਚ ਵੱਖ-ਵੱਖ ਸੁਨੇਹੇ ਵੀ ਲਿਖੇ ਹੋਏ ਸਨ। ਪੱਤਰਕਾਰਾਂ ਨਾਲ ਗੱਲ ਕਰਦਿਆਂ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਤੇ ਭਾਈ ਅੰਗਦ ਸਿੰਘ ਖ਼ਾਲਸਾ ਨੇ ਕਿਹਾ ਕਿ ਜੂਨ 1984 ਦੇ ਹਮਲੇ ਤੋਂ ਬਾਅਦ ਪੰਜਾਬ ਅੰਦਰ ਬਹੁਤ ਉਥਲ-ਪੁਥਲ ਹੋਈ। ਰਾਜਨੀਤੀ 'ਚ ਵੀ ਵੱਡੀ ਤਬਦੀਲੀ ਆਈ, ਰਾਜਨੀਤਕ ਸਮੀਕਰਨ ਵੀ ਬਦਲੇ ਪਰ ਇਹ ਸਭ ਘੱਲੂਘਾਰੇ ਦੇ




ਜ਼ਖ਼ਮਾਂ ਨੂੰ ਭਰ ਨਹੀਂ ਸਕੇ। ਦਹਾਕੇ ਬੀਤਣ ਦੇ ਬਾਅਦ ਵੀ ਜ਼ਖ਼ਮ ਹਰੇ ਹਨ, ਸਾਡੀ ਅੱਜ ਵੀ ਪੀੜ ਸੱਜਰੀ ਤੇ ਅਜ਼ਾਦੀ ਸੰਘਰਸ਼ ਜਾਰੀ ਹੈ। ਸ੍ਰੀ ਦਰਬਾਰ ਸਾਹਿਬ ਉੱਤੇ ਹੌਲਨਾਕ ਹਮਲੇ ਦਾ ਪ੍ਰਭਾਵ ਦੁਨੀਆਂ ਪੱਧਰ ਉੱਤੇ ਅੱਜ ਵੀ ਵੇਖਣ ਨੂੰ ਮਿਲਦਾ ਹੈ, ਸਿੱਖ ਕੌਮ ਨੇ ਹਿੰਦੂਤਵ ਨੂੰ ਇਸ ਵਹਿਸ਼ੀ ਕਾਰੇ ਲਈ ਕਦੇ ਮੁਆਫ਼ ਨਹੀਂ ਕਰਨਾ। ਇਸ ਘੱਲੂਘਾਰੇ ਨੂੰ ਕਦੇ ਭੁੱਲਿਆ ਨਹੀਂ ਜਾ ਸਕਦਾ, ਦਰਬਾਰ ਸਾਹਿਬ 'ਤੇ ਹਮਲਾ ਭਾਜਪਾ ਨੇ ਮੰਗਿਆ ਅਤੇ ਕਾਂਗਰਸ ਨੇ ਕੀਤਾ ਤੇ ਹਿੰਦੂਤਵ ਨੇ ਖ਼ੁਸ਼ੀ ਮਨਾਈ ਸੀ। ਜਾਗਦੀ ਜਮੀਰ ਵਾਲੇ ਸਿੱਖਾਂ ਨੇ ਉਸ ਭਾਰਤੀ ਸਟੇਟ ਨੂੰ ਰੱਦ ਕਰ ਦਿੱਤਾ ਹੈ, ਜਿਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ, ਜਨਰਲ ਸ਼ਬੇਗ ਸਿੰਘ, ਬਾਬਾ ਠਾਹਰਾ ਸਿੰਘ ਤੇ ਹਜ਼ਾਰਾਂ ਸੰਗਤਾਂ ਨੂੰ ਸ਼ਹੀਦ ਕੀਤਾ। ਸਿੱਖ ਅਜਿਹਾ ਰਾਜ-ਭਾਗ ਸਿਰਜਣਾ ਚਾਹੁੰਦੇ ਨੇ ਜਿੱਥੇ ਉਹ ਅਜ਼ਾਦੀ ਦਾ ਨਿੱਘ ਮਾਣ ਸਕਣ, ਧਰਮ ਪ੍ਰਫੁੱਲਤ ਹੋਵੇ, ਮਾਂ-ਬੋਲੀ ਨੂੰ ਕੋਈ ਛੁਟਿਆਉਣ ਦਾ ਯਤਨ ਨਾ ਕਰੇ, ਧਰਮ ਸਥਾਨਾਂ ਤੇ ਧਰਮ ਗ੍ਰੰਥਾਂ 'ਤੇ ਹਮਲੇ ਨਾ ਹੋਣ, ਕੁਦਰਤੀ ਸ੍ਰੋਤਾਂ ਲੁੱਟੇ ਨਾ ਜਾਣ ਤੇ ਧਾਰਮਿਕ ਮਾਮਲਿਆਂ 'ਚ ਕੋਈ ਦਖ਼ਲ-ਅੰਦਾਜੀ ਨਾ ਕਰ ਸਕੇ। ਗੁਰਧਾਮਾਂ ਦੀ ਅਜ਼ਮਤ ਦੀ ਰਾਖੀ ਕਰਦਿਆਂ ਅਤੇ ਕੌਮੀ ਹੱਕਾਂ ਤੇ ਅਜ਼ਾਦੀ ਲਈ ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਸ਼ਹਾਦਤਾਂ ਦਿੱਤੀਆਂ ਉਹ ਸਾਡੇ ਨਾਇਕ ਹਨ, ਸਿੱਖ ਕੌਮ ਆਪਣੇ ਸ਼ਹੀਦਾਂ ਦੇ ਨਿਸ਼ਾਨੇ 'ਤੇ ਪਹਿਰਾ ਦੇਣ ਲਈ ਸੰਘਰਸ਼ਸ਼ੀਲ ਹੈ, ਖ਼ਾਲਿਸਤਾਨ ਦਾ ਸੂਰਜ ਲਾਜ਼ਮੀ ਚੜ੍ਹੇਗਾ। ਫੈਡਰੇਸ਼ਨ ਆਗੂਆਂ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤਾਂ ਦੇ ਜਥੇਦਾਰ ਮਰਯਾਦਾ ਅਤੇ ਵਿਧੀ-ਵਿਧਾਨ ਅਨੁਸਾਰ ਨਾ ਲਾਉਣ ਅਤੇ ਹਟਾਉਣ ਕਰਕੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਦਾ ਭਾਰੀ ਅਪਮਾਨ ਹੋਇਆ ਹੈ। ਇਸ ਮੌਕੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਜਥੇਬੰਧਕ ਸਕੱਤਰ ਭਾਈ ਮਨਪ੍ਰੀਤ ਸਿੰਘ ਮੰਨਾ, ਭਾਈ ਸੁਖਵਿੰਦਰ ਸਿੰਘ ਨਿਜ਼ਾਮਪੁਰ, ਭਾਈ ਹਰਪ੍ਰੀਤ ਸਿੰਘ ਬੰਟੀ, ਬੀਬੀ ਕੁਲਵਿੰਦਰ ਕੌਰ ਤੁਗਲਵਾਲਾ ਆਦਿ ਹਾਜ਼ਰ ਸਨ।

## ਪੀਐਮ ਮੋਦੀ ਨੇ ਦੇਸ਼ ਨੂੰ ਸਮਰਪਤ ਕੀਤਾ

# ਦੁਨੀਆ ਦਾ ਸਭ ਤੋਂ ਵੱਡਾ ਰੇਲਵੇ ਓਵਰਬ੍ਰਿਜ਼

**ਜੰਮੂ-ਕਸ਼ਮੀਰ** - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸ਼ੁੱਕਰਵਾਰ ਨੂੰ ਜੰਮੂ-ਕਸ਼ਮੀਰ ਵਿੱਚ ਚਨਾਬ ਨਦੀ 'ਤੇ ਬਣੇ ਦੁਨੀਆ ਦੇ ਸਭ ਤੋਂ ਉੱਚੇ ਰੇਲਵੇ ਪੁਲ ਦਾ ਉਦਘਾਟਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਦੇਸ਼ ਦੇ ਪਹਿਲੇ ਕੇਬਲ-ਸਟੇਡ ਰੇਲ ਪੁਲ ਅੰਜੀ ਪੁਲ ਦਾ ਵੀ ਉਦਘਾਟਨ ਕੀਤਾ। ਇਸ ਦੇ ਨਾਲ ਹੀ ਪੀਐਮ ਮੋਦੀ ਨੇ ਕਟੜਾ ਰੇਲਵੇ ਸਟੇਸ਼ਨ ਤੋਂ ਕਟੜਾ ਅਤੇ ਸ਼੍ਰੀਨਗਰ ਨੂੰ ਜੋੜਨ ਵਾਲੀ ਵੰਦੇ ਭਾਰਤ ਐਕਸਪ੍ਰੈਸ ਨੂੰ ਹਰੀ ਝੰਡੀ ਦਿਖਾਈ। ਇਸ ਮੌਕੇ 'ਤੇ ਉਪ ਰਾਜਪਾਲ ਮਨੋਜ ਸਿਨਹਾ, ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਵੀ ਮੌਜੂਦ ਸਨ।

ਪੈਰਿਸ ਦੇ ਆਈਫਲ ਟਾਵਰ ਤੋਂ ਹੈ ਉਚਾ ਪੁਲ

ਇਹ ਪੁਲ ਪੈਰਿਸ ਦੇ ਆਈਫਲ ਟਾਵਰ ਤੋਂ ਉੱਚਾ ਹੈ। ਇਸ ਪੁਲ ਨੂੰ ਬਣਾਉਣ ਦੀ ਲਾਗਤ ਲਗਭਗ 1500 ਕਰੋੜ ਰੁਪਏ ਹੈ। ਇਸ ਦੇ ਨਾਲ ਹੀ ਰੇਲਵੇ ਨੇ ਕਿਹਾ ਕਿ ਉਦੈਪੁਰ-ਸ਼੍ਰੀਨਗਰ-ਬਾਰਾਮੂਲਾ ਰੇਲਵੇ ਲਿੰਕ ਪ੍ਰੋਜੈਕਟ ਦੀ ਕੁੱਲ ਲੰਬਾਈ ਲਗਭਗ 272



ਕਿਲੋਮੀਟਰ ਹੈ ਅਤੇ ਇਸਨੂੰ ਬਣਾਉਣ ਵਿੱਚ 43 ਹਜ਼ਾਰ ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਗਏ ਹਨ। ਇਸ ਪ੍ਰੋਜੈਕਟ ਵਿੱਚ 36 ਸੁਰੰਗਾਂ ਅਤੇ 943 ਪੁਲ ਵੀ ਸ਼ਾਮਲ ਹਨ।

ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ ਚਨਾਬ ਨਦੀ 'ਤੇ ਬਣਿਆ 1 ਕਿਲੋਮੀਟਰ ਤੋਂ ਵੱਧ ਲੰਬਾ ਰੇਲਵੇ ਪੁਲ ਲਗਭਗ 359 ਮੀਟਰ ਹੈ। ਇਹ ਆਈਫਲ ਟਾਵਰ ਤੋਂ 35 ਮੀਟਰ ਉੱਚਾ ਹੈ। ਉਨ੍ਹਾਂ ਕਿਹਾ ਕਿ ਇਹ ਪੁਲ 260 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਵਾਲੀਆਂ ਹਵਾਵਾਂ ਅਤੇ ਭੂਚਾਲ ਜ਼ੋਨ-V ਦਾ ਸਾਹਮਣਾ ਕਰ ਸਕਦਾ ਹੈ। ਇਸ ਨੂੰ ਬਣਾਉਣ ਲਈ ਲਗਭਗ 27000 ਮੀਟ੍ਰਿਕ ਟਨ ਸਟੀਲ ਦੀ ਵਰਤੋਂ ਕੀਤੀ ਗਈ ਹੈ। ਇਸਦੀ ਲੰਬਾਈ 1315 ਮੀਟਰ ਹੈ। ਇਹ ਪ੍ਰੋਜੈਕਟ ਅਗਸਤ 2004 ਵਿੱਚ ਸ਼ੁਰੂ ਕੀਤਾ ਗਿਆ ਸੀ।

7 ਜੂਨ ਤੋਂ ਆਮ ਲੋਕਾਂ ਲਈ ਚੱਲੇਗੀ 'ਵੰਦੇ ਭਾਰਤ'

ਕਟੜਾ ਤੋਂ ਸ਼੍ਰੀਨਗਰ ਤੱਕ ਚੱਲਣ ਵਾਲੀ ਵੰਦੇ ਭਾਰਤ ਟ ?ਰੇਨ ਵਿੱਚ ਉੱਚ-ਤਕਨੀਕੀ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਹੁਣ ਕਿਰਾਏ ਦੀ ਗੱਲ ਕਰੀਏ। ਚੇਅਰ (ਬਾਕੀ 2 ਤੇ)

# ਸੀ ਐਚ ਸੀ ਬੇਗੋਵਾਲ ਵਿਖੇ ਮਨਾਇਆ ਵਿਸ਼ਵ ਵਾਤਾਵਰਨ ਦਿਵਸ



**ਨਡਾਲਾ - ਡਾਕਟਰ ਧਰਮਪਾਲ ਸ਼ਾਰਦਾ**

ਸਿਵਲ ਸਰਜਨ ਕਪੂਰਥਲਾ ਡਾਕਟਰ ਰਾਜੀਵ ਪ੍ਰਾਸ਼ਰ ਜੀ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫਸਰ ਡਾ ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਅੱਜ ਸੀ ਐਚ ਸੀ ਬੇਗੋਵਾਲ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫਸਰ ਡਾਕਟਰ ਪ੍ਰੇਮ ਕੁਮਾਰ ਨੇ ਦੱਸਿਆ ਕਿ ਵਾਤਾਵਰਨ ਨੂੰ ਸਾਫ਼ ਰੱਖਣਾ ਇੱਕ ਵੱਡੀ ਚੁਣੌਤੀ ਹੈ। ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ, ਇਸ ਲਈ ਵਿਸ਼ਵ ਵਾਤਾਵਰਨ ਦਿਵਸ ਹਰ ਸਾਲ 5 ਜੂਨ ਨੂੰ ਮਨਾਇਆ ਜਾਂਦਾ ਹੈ।ਧਰਤੀ ਦੇ ਨਾਲ-ਨਾਲ ਆਪਣੇ ਆਪ ਨੂੰ ਬਚਾਉਣ ਲਈ ਵਾਤਾਵਰਨ ਦੀ ਸੁਰੱਖਿਆ ਜ਼ਰੂਰੀ ਹੈ। ਮਨੁੱਖ ਅਤੇ ਵਾਤਾਵਰਣ ਦੋਵੇਂ ਡੂੰਘਾ ਜੁੜੇ ਹੋਏ ਹਨ। ਕੁਦਰਤ ਤੋਂ ਬਿਨਾਂ ਜੀਵਨ ਸੰਭਵ ਨਹੀਂ ਹੈ। ਇਸ ਲਈ ਸਾਨੂੰ ਕੁਦਰਤ ਨਾਲ ਪਿਆਰ ਕਰ ਕੇ ਇਸ ਦੀ ਸੰਭਾਲ ਕਰਨੀ ਚਾਹੀਦੀ ਹੈ ।ਹੈ। ਹਰੇਕ ਇਨਸਾਨ ਦਾ ਫਰਜ ਹੈ ਕਿ ਉਹ ਵਧ ਤੋਂ ਵਧ ਬੂਟੇ ਲਗਾ ਕੇ ਵਾਤਾਵਰਣ ਦੀ ਸੁੱਰਖਿਆ ਵਿਚ ਆਪਣਾ ਯੋਗਦਾਨ ਪਾਵੇ ।ਜੇਕਰ ਵਾਤਾਵਰਣ ਨੂੰ ਸਾਫ ਸੁਥਰਾ ਰੱਖਿਆ ਜਾਵੇ ਤਾਂ ਅਸੀ ਸਾਰੇ ਆਪਣੇ ਆਪ ਹੀ ਬਹੁਤ ਸਾਰੀਆਂ ਬੀਮਾਰੀਆ ਤੋਂ ਬੱਚ ਸਕਦੇ ਹਾਂ। ਇਸ ਲਈ ਸਾਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਕੁਦਰਤੀ ਸੋਮਿਆਂ ਦੀ ਸੁੱਰਖਿਆ ਵਿਚ ਮੱਦਦਗਾਰ ਬਣਨਾ ਚਾਹੀਦਾ ਹੈ। ਇਸ ਮੌਕੇ ਡਾਕਟਰ ਰਾਜਪਾਲ ਸਿੰਘ,ਨੀਤੂ ਸਰੋਆ ਬੀਈਈ, ਤਰਸੇਮ ਸਿੰਘ,ਪ੍ਰਦੀਪ ਸਿੰਘ ਆਦਿ ਹਾਜਰ ਸਨ।

# 11 ਸਾਲਾਂ ਵਿੱਚ ਮੋਦੀ ਸਰਕਾਰ ਨੇ ਦੇਸ਼ ਦੀ ਆਰਥਿਕਤਾ ਨੂੰ 11ਵੇਂ ਸਥਾਨ ਤੋਂ ਚੌਥੇ ਸਥਾਨ ਤੇ ਪਹੁੰਚਾਇਆ ਹੈ-ਉਮੇਸ਼ ਸ਼ਾਰਦਾ

**ਨਡਾਲਾ - (ਡਾਕਟਰ ਧਰਮਪਾਲ ਸ਼ਾਰਦਾ )** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਿਛਲੇ 11 ਸਾਲਾਂ ਵਿੱਚ ਭਾਰਤ ਦੀ ਸੱਭਿਆਚਾਰਕ ਯਾਤਰਾ ਇੱਕ ਰੰਗੀਨ ਰੰਗੋਲੀ ਵਾਂਗ ਉੱਭਰੀ ਹੈ ।ਇਸ ਵਿੱਚ ਪਰੰਪਰਾ ਦੀ ਡੂੰਘਾਈ, ਆਧੁਨਿਕਤਾ ਦੀ ਸਮਝ ਅਤੇ ਵਿਸ਼ਵਵਿਆਪੀ ਸੰਪਰਕ ਦਾ ਸ਼ਾਨਦਾਰ ਸੁਮੇਲ ਹੈ।ਹੰਪੀ ਵਰਗੇ ਸਦੀਵੀ ਵਿਰਾਸਤੀ ਸਥਾਨਾਂ ਤੋਂ ਲੈ ਕੇ ਯੋਗ ਅਤੇ ਆਯੁਰਵੇਦ ਵਰਗੇ ਪ੍ਰਾਚੀਨ ਵਿਸ਼ਿਆਂ ਨੂੰ ਵਿਸ਼ਵ ਪੱਧਰ ਤੇ ਸਥਾਪਿਤ ਕਰਨ ਤੱਕ,ਭਾਰਤ ਨੇ ਨਾ ਸਿਰਫ ਆਪਣੀ ਵਿਰਾਸਤ ਨੂੰ ਸੁਰੱਖਿਅਤ ਰੱਖਿਆ ਹੈ ਬਲਕਿ ਇਸਨੂੰ ਵਿਸ਼ਵਵਿਆਪੀ ਮਾਨਤਾ ਵੀ ਦਿੱਤੀ ਹੈ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਸੂਬਾ ਕਾਰਜਕਾਰਣੀ ਦੇ ਮੈਂਬਰ ਉਮੇਸ਼ ਸ਼ਾਰਦਾ ਨੇ ਸ਼ੁੱਕਰਵਾਰ ਨੂੰ ਆਪਣੇ ਨਿਵਾਸ ਸਥਾਨ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ।ਸ਼ਾਰਦਾ ਨੇ ਕਿਹਾ ਕਿ ਖੁਸ਼ਹਾਲੀ ਲਈ ਮੋਦੀ ਸਰਕਾਰ ਦੇ 11 ਸਾਲਾਂ ਦੇ ਬੇਮਿਸਾਲ ਸੰਕਲਪ ਤੋਂ ਨਰਿੰਦਰ ਮੋਦੀ ਸਰਕਾਰ ਨੇ ਇਨ੍ਹਾਂ 11 ਸਾਲਾਂ ਵਿੱਚ ਦੇਸ਼ ਦੀ ਆਰਥਿਕਤਾ ਨੂੰ 11ਵੇਂ ਸਥਾਨ ਤੋਂ ਚੌਥੇ ਸਥਾਨ ਤੇ ਪਹੁੰਚਾਇਆ ਹੈ ।ਹੁਣ ਤੀਜੇ ਸਥਾਨ ਤੇ ਆਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ ।ਸ਼ਾਰਦਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਦੇਸ਼ ਵਿੱਚ ਮੰਦਰ ਗਲਿਆਰਿਆਂ ਅਤੇ ਤੀਰਥ ਸਥਾਨਾਂ ਦਾ ਬੇਮਿਸਾਲ ਪੁਨਰ ਵਿਕਾਸ ਹੋਇਆ ਹੈ ।ਕਾਸ਼ੀ ਵਿਸ਼ਵਨਾਥ ਗਲਿਆਰਾ,ਮਹਾਕਾਲ ਲੋਕ ਉਜੈਨ,ਮਾਂ ਕਾਮਾਖਿਆ ਮੰਦਰ, ਰਾਮ ਮੰਦਰ ਅਯੁੱਧਿਆ, ਕੇਦਾਰਨਾਥ ਧਾਮ ਅਤੇ ਜੂਨਾ ਸੋਮਨਾਥ ਮੰਦਰ ਦੇ ਨਵੀਨੀਕਰਨ ਨੇ ਭਾਰਤ ਦੀ ਅਧਿਆਤਮਿਕ ਆਤਮਾ ਨੂੰ ਇੱਕ ਨਵੀਂ ਊਰਜਾ ਦਿੱਤੀ ਹੈ ।ਇਹ ਪ੍ਰੋਜੈਕਟ ਧਾਰਮਿਕ ਭਾਵਨਾਵਾਂ ਦੇ ਨਾਲ-ਨਾਲ ਸਥਾਨਕ ਅਰਥਵਿਵਸਥਾ ਅਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਮਹੱਤਵਪੂਰਨ ਹਨ ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਸੋਮਨਾਥ ਮੰਦਰ ਦੇ ਆਲੇ-ਦੁਆਲੇ ਵਿਕਾਸ ਅਤੇ ਪਾਰਵਤੀ ਮੰਦਰ ਦੀ ਉਸਾਰੀ ਸਮੇਤ ਪ੍ਰਮੁੱਖ ਤੀਰਥ ਸਥਾਨਾਂ ਦਾਨਵੀਨੀਕਰਨ ਕਰਕੇ ਅਹਿਲਿਆਬਾਈ ਹੋਲਕਰ ਦੀ ਵਿਰਾਸਤ ਨੂੰ ਅੱਗੇ ਵਧਾਇਆ ਹੈ ।ਇਸ ਤੋਂ ਇਲਾਵਾ,ਸ਼ਰਧਾਲੂਆਂ ਨੂੰ ਅਰਬ ਸਾਗਰ ਦੇ ਸਾਹਮਣੇ ਸੋਮਨਾਥ ਮੰਦਰ ਦਾ ਸ਼ਾਨਦਾਰ ਦ੍ਰਿਸ਼ ਦਿਖਾਉਣ ਲਈ ਇੱਕ ਸੈਰਗਾਹ ਵਿਕਸਤ ਕੀਤੀ ਗਈ ਹੈ ।ਤੀਰਥ ਯਾਤਰਾ ਦੀ ਸਹੂਲਤ ਲਈ ਸਰਕਾਰ ਨੇ ਉਤਰਾਖੰਡ ਵਿੱਚ ਚਾਰਧਾਮ ਹਾਈਵੇਅ ਪ੍ਰੋਜੈਕਟ,ਹੇਮਕੁੰਡ ਸਾਹਿਬ ਰੋਪਵੇਅ ਅਤੇ ਬੋਧੀ ਸਰਕਟ ਵਿਕਾਸ ਵਰਗੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਹਨ ।ਕਰਤਾਰਪੁਰ ਕਾਰੀਡੋਰ ਨੇ ਭਾਰਤ-ਪਾਕਿਸਤਾਨ ਸਰਹੱਦ ਤੇ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਨੂੰ ਭਾਰਤੀ ਸਿੱਖਾਂ ਲਈ ਪਹੁੰਚਯੋਗ ਬਣਾਇਆ ਹੈ।



# ਹੈਲਥ ਟੀਮ ਵੱਲੋਂ ਪਿੰਡਾਂ ਵਿੱਚ ਹਾਈਪਰਟੇਂਸ਼ਨ ਸੰਬੰਧੀ ਜਾਗਰੂਕ ਕੀਤਾ ਗਿਆ



**ਨਡਾਲਾ - ਡਾਕਟਰ ਧਰਮਪਾਲ ਸ਼ਾਰਦਾ**

ਸਿਵਲ ਸਰਜਨ ਕਪੂਰਥਲਾ ਡਾਕਟਰ ਰਾਜੀਵ ਪ੍ਰਾਸ਼ਰ ਜੀ ਦੀ ਯੋਗ ਅਗਵਾਈ ਹੇਠ ਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਪ੍ਰੇਮ ਕੁਮਾਰ ਜੀ ਦੀ ਰਹਿਨੁਮਾਈ ਹੇਠ ਸੀ ਐਚ ਸੀ ਬੇਗੋਵਾਲ ਅਤੇ ਇਸ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਹੈਲਥ ਟੀਮ ਵੱਲੋਂ ਹਾਈਪਰਟੇਂਸ਼ਨ ਸੰਬੰਧੀ ਜਾਗਰੂਕ ਕੀਤਾ ਗਿਆ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫਸਰ ਡਾਕਟਰ ਪ੍ਰੇਮ ਕੁਮਾਰ ਜੀ ਨੇ ਦੱਸਿਆ ਕਿ ਹਾਇਪਰਟੈਂਸ਼ਨ ਜਾਗਰੂਕਤਾ ਮੁਹਿੰਮ 17 ਜੂਨ 2025 ਤੱਕ ਮਨਾਈ ਜਾਣੀ ਹੈ ।ਹਾਈਪਰਟੈਨਸ਼ਨ ਯਾਨਿ ਕਿ ਹਾਈ ਬਲੱਡ ਪ੍ਰੈਸ਼ਰ ਵਿਸ਼ਵ ਪੱਧਰ ’ਤੇ ਤੀਬਰਤਾ ਨਾਲ ਵਧ ਰਹੀ ਗੰਭੀਰ ਸਿਹਤ ਸਮੱਸਿਆਵਾਂ ਵਿੱਚੋਂ ਇੱਕ ਹੈ। ਭਾਰਤ ਸਣੇ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਹਰ ਸਾਲ ਲੱਖਾਂ ਲੋਕ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਦਾ ਸ਼ਿਕਾਰ ਹੁੰਦੇ ਹਨ। ਅਨਿਯਮਿਤ ਰੁਟੀਨ ਅਤੇ ਗਲਤ ਖਾਣ-ਪੀਣ ਦੀਆਂ ਆਦਤਾਂ ਕਾਰਨ ਸਿਹਤ ਖਰਾਬ ਹੁੰਦੀ ਹੈ। ਗਲਤ ਖਾਣ-ਪੀਣ ਅਤੇ ਭੱਜ-ਦੌੜ ਦੀ ਰੁਟੀਨ ਕਾਰਨ ਵੀ ਇਸ ਦਾ ਸਿੱਧਾ ਅਸਰ ਬਲੱਡ ਪ੍ਰੈਸ਼ਰ ’ਤੇ ਪੈਂਦਾ ਹੈ, ਜਿਸ ਕਾਰਨ ਵਿਅਕਤੀ ਹਾਈ ਬਲੱਡ ਪ੍ਰੈਸ਼ਰ ਦਾ ਸ਼ਿਕਾਰ ਬਣ ਜਾਂਦਾ ਹੈ ਹਾਈ ਬਲੱਡ ਪ੍ਰੈਸ਼ਰ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਦਿਲ ਦੀ ਬਿਮਾਰੀ ਅਤੇ ਸਟ ?ਰੋਕ ਦਾ ਸਭ ਤੋਂ ਵੱਧ ਜੋਖਮ ਹੁੰਦਾ ਹੈ। ਕਈ ਕਾਰਕ ਜਿਵੇਂ ਬੈਠੀ ਜੀਵਨਸ਼ੈਲੀ, ਮਾੜੀ ਖੁਰਾਕ, ਮੋਟਾਪਾ, ਸਿਗਰਟਨੋਸ਼ੀ ਅਤੇ ਤਣਾਅ ਹਾਈ ਬਲੱਡ ਪ੍ਰੈਸ਼ਰ ਦੇ ਜੋਖਮ ਨੂੰ ਵਧਾਉਂਦੇ ਹਨ। ਹਾਈਪਰਟੈਨਸ਼ਨ ਤੋਂ ਬਚਣ ਲਈ ਰੋਜ਼ਾਨਾ ਕਸਰਤ ਕਰੋ, ਤੇਜ਼ ਚੱਲੋ, ਦੌੜੋ, ਸਾਈਕਲ ਚਲਾਓ ਜਾਂ ਤੈਰਾਕੀ ਕਰੋ,ਨਮਕ ਦੀ ਵਰਤੋਂ ਘੱਟ ਤੋਂ ਘੱਟ ਕਰੋ,ਟੇਬਲ ਨਮਕ ਦੀ ਵਰਤੋਂ ਬੰਦ ਕਰੋ। ਫਲ, ਸਲਾਦ, ਬਾਜਰੇ, ਨਾਰੀਅਲ ਪਾਣੀ, ਸਬਜ਼ੀਆਂ ਦਾ ਸੂਪ ਲੋੜ ਅਨੁਸਾਰ ਸਮੇਂ ਸਮੇਂ ’ਤੇ ਲੈਂਦੇ ਰਹਿਣਾ ਚਾਹੀਦਾ ਹੈ। ਹਾਈਪਰਟੈਨਸ਼ਨ ਤੋਂ ਰਾਹਤ ਦਿਵਾਉਣ ਲਈ ਯੋਗਾ ਵੀ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਲਈ ਯੋਗ ਆਸਨ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਡਾਕਟਰ ਰਾਜਪਾਲ ਸਿੰਘ, ਨੀਤੂ ਸਰੋਆ ਬੀਈਈ, ਪੰਚਮਪ੍ਰੀਤ ਕੌਰ ਸੀ ਐਚ ਓ,ਗੁਰਜੀਤ ਕੌਰ ਆਦਿ ਹਾਜਰ ਸਨ।

# ਅਕਾਲੀ ਦਲ,ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਕਾਂਗਰਸ ਪਾਰਟੀ ਦੇ ਵਿੱਚ ਦਰਜਨਾਂ ਪਰਿਵਾਰ ਹੋਏ ਸ਼ਾਮਲ, ਸਿੱਕੀ



**ਫ਼ਤਿਆਬਾਦ - ( ਵੀਰ ਗੁਰਦੀਪ ਸਿੰਘ )** ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਅਨੇਕਾ ਵੱਡੇ ਪਰਿਵਾਰ ਅਕਾਲੀ ਦਲ,ਮੌਜੂਦਾ ਪਾਰਟੀ ਆਮ ਆਦਮੀ ਪਾਰਟੀ ਅਤੇ ਬੀਜੇਪੀ ਨੂੰ ਛੱਡ ਕਾਂਗਰਸ ਪਾਰਟੀ ਚ ਹੋਏ ਸਾਮਿਲ ਹੋਏ ਇਸ ਮੌਕੇ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਸਿੱਕੀ ਨੇ ਕਿਹਾ ਕਿ ਸਭ ਤੋਂ ਪਹਿਲਾਂ ਨਵੇਂ ਜੁੜੇ ਪਰਿਵਾਰਾਂ ਦਾ ਧੰਨਵਾਦ ਕਰਦਾ ਹਾਂ ਜਿੰਨਾ ਨੇ ਵੱਡੇ ਸਮਰਥਣ ਨਾਲ ਮੇਰਾ ਸਾਥ ਦੇਣ ਦਾ ਫੈਸਲਾ ਲਿਆ ਮੈ ਕਾਂਗਰਸ ਪਾਰਟੀ ਚ ਆਉਣ ਤੇ ਸਾਰੇ ਸਾਥੀਆਂ ਨੂੰ ਜੀ ਆਇਆਂ ਨੂੰ ਆਖਦਾ ਅਤੇ ਵਿਸ਼ਵਾਸ ਦਿਵਾਉਣਾ ਹਾ ਕਿ ਕਾਂਗਰਸ ਪਾਰਟੀ ਚ ਹਰੇਕ ਵਰਕਰ ਨੂੰ ਮਾਨ ਸਨਿਮਾਨ ਮਿਲੇਗਾ ਸਾਬਕਾ ਵਿਧਾਇਕ ਸਿੱਕੀ ਨੇ ਕਿਹਾ ਕਿ ਬਹੁਤ ਖੁਸ਼ੀ ਦੀ ਗੱਲ ਹੈ ਕਿ ਪਿੰਡ ਖੇਲਾ,ਭੋਜੋਵਾਲੀ ਤੇ ਮੇਰੇ ਕਾਂਗਰਸੀ ਸਾਥੀਆਂ ਦੀ ਮਿਹਨਤ ਸਦਕਾ ਨਾਮੀ ਪਰਿਵਾਰਾਂ ਨੇ ਕਾਂਗਰਸ ਪਾਰਟੀ ਚ ਸ਼ਮੂਲੀਅਤ ਕੀਤੀ ,ਸਿੱਕੀ ਨੇ ਕਿਹਾ ਮੇਰੇ ਕਾਂਗਰਸੀ ਸਾਥੀਆਂ ਦੀ ਮਹਿਨਤ ਸਦਕਾ ਪਹਿਲਾਂ ਪਿੰਡ ਖੇਲਾ,ਭੋਜੋਵਾਲੀ ਦੀ ਸਰਪੰਚੀ ਚੋਣ ਕਾਂਗਰਸ ਪਾਰਟੀ ਨੇ ਜਿੱਤੀ ਤੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਰਾਹ ਪੱਧਰਾ ਕੀਤਾ,ਇਸ ਮੌਕੇ ਪਿੰਡ ਵਾਸੀਆਂ ਵੱਲੋ ਸਾਬਕਾ ਵਿਧਾਇਕ ਸਿੱਕੀ ਨੂੰ ਪਿੰਡ ਦੀਆਂ ਮੁਸ਼ਕਲਾਂ ਬਾਰੇ ਵੀ ਜਾਣੂ ਕਰਵਾਇਆ ਗਿਆ ਇਸ ਮੌਕੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਪੀਏ ਰਣਜੀਤ ਸਿੰਘ ਰਾਣਾ ਪਵਾਰ ਕਿਹਾ ਕੇ ਮੈਂ ਪਹਿਲਾਂ ਧੰਨਵਾਦ ਕਰਦਾ ਸਮੁੱਚੇ ਨਗਰ ਖੇਲਾ,ਭੋਜੋਵਾਲੀ ਦਾ ਜਿੰਨਾ ਸਰਪੰਚੀ ਚੋਣਾਂ ਚ ਮੇਰਾ ਸਾਥ ਦੇ ਕੇ ਸਰਪੰਚੀ ਮੇਰੀ ਝੋਲੀ ਪਾਈ ਅਤੇ ਮੇਰੇ ਪਰਿਵਾਰ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ,ਪਵਾਰ ਨੇ ਕਿਹਾ ਪਿੰਡ ਖੇਲਾ ਭੋਜੋਵਾਲੀ ਦੇ ਵੱਡੇ ਪਰਿਵਾਰਾਂ ਨੇ ਸਿੱਕੀ ਜੀ ਦਾ ਸਾਥ ਦੇਣ ਦਾ ਫੈਸਲਾ ਲਿਆ ਮੈ ਦਿਲ ਦੀਆਂ ਗਹਿਰਾਈਆ ਤੋ ਧੰਨਵਾਦ ਕਰਦਾ ਹਾ ਅਤੇ ਜੀ ਆਇਆਂ ਨੂੰ ਆਖਦਾ ਹਾਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਕਾਰਜਕਾਲ ਵਿੱਚ ਹੋਏ ਵਿਕਾਸ ਨੂੰ ਦੇਖਦੇ ਹੋਏ ਅਤੇ ਬੇਦਾਗ਼ ਲੀਡਰ ਹੋਣ ਕਰਕੇ ਦਿੱਤਾ ਸਮੱਰਥਣ - ਨੰਬਰਦਾਰ,ਭੱਠਲੀਆ ਪਰਿਵਾਰ 2027 ਦੀਆ ਚੋਣਾਂ ਚ ਰਮਨਜੀਤ ਸਿੰਘ ਸਿੱਕੀ ਨੂੰ ਪਿੰਡ ਖੇਲਾ ਭੋਜੋਵਾਲੀ ਤੋ ਵੱਡੀ ਲੀਡ ਨਾਲ ਜਿਤਾਵਾਂਗੇ -ਕਾਂਗਰਸੀ ਆਗੂ ਖੇਲਾ, ਭੋਜੋਵਾਲੀ ਇਸ ਮੌਕੇ ਪਿੰਡ ਖੇਲਾ ਭੋਜੋਵਾਲੀ ਤੋ ਸੀਨੀਅਰ ਕਾਂਗਰਸੀ ਆਗੂ ਸਰਪੰਚ ਪ੍ਰਕਾਸ਼ ਸਿੰਘ ਪਵਾਰ,ਸੀਨੀਅਰ ਕਾਂਗਰਸੀ ਆਗੂ ਦੀਦਾਰ ਸਿੰਘ ਖੇਲਾ,ਅੰਗਰੇਜ ਸਿੰਘ ਫੋਜੀ, ਪ੍ਰਭ ਖੇਲਾ,ਹਰਜੀਤ ਸਿੰਘ, ਪਵਾਰ,ਜਗਰੂਪ ਸਿੰਘ ਪਵਾਰ,ਮੈਂਬਰ ਪੰਚਾਇਤ ਬਲਵਿੰਦਰ ਸਿੰਘ ਪਵਾਰ,ਸੁਰਿੰਦਰ ਸਿੰਘ ਪਵਾਰ, ਹਰਦੀਪ ਸਿੰਘ ਪਵਾਰ, ਹੁਸਨਪ੍ਰੀਤ ਸਿੰਘ ਪਵਾਰ,ਹਰਪ੍ਰੀਤ ਸਿੰਘ ਪਵਾਰ, ਅਮਰਜੀਤ ਸਿੰਘ ਪਵਾਰ, ਰਮਨ ਪਵਾਰ,ਤੋ ਇਲਾਵਾ ਰਣਬੀਰ ਸਿੰਘ ਭੈਲ,ਸਰਪੰਚ ਜਗਰੂਪ ਸਿੰਘ ਖਵਾਸਪੁਰ,ਜੁਗਰਾਜ ਸਿੰਘ ਰੰਧਾਵਾ,ਨੰਬਰਦਾਰ ਭਜਨ ਸਿੰਘ ਭੈਲ ਵੀ ਸਾਮਿਲ ਹੋਏ




ਦਮਦਮੀ ਟਕਸਾਲ ਦੇ ਮੁੱਖ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸ਼ਹੀਦੀ ਸਮਾਗਮ (ਫੋਟੋ ਤੇ ਵੇਰਵਾ ਅਰਵਿੰਦਰ ਵੜੈਚ)

## ਪੇਜ਼ ਇੱਕ ਦਾ ਬਾਕੀ

**ਦੂਨੀਆ ਦਾ ...**

ਕਾਰ ਦਾ ਕਿਰਾਇਆ ਲਗਭਗ 715 ਰੁਪਏ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਐਗਜ਼ੀਕਿਊਟਿਵ ਕਲਾਸ ਦਾ ਕਿਰਾਇਆ ਲਗਭਗ 1320 ਰੁਪਏ ਹੈ। ਵੰਦੇ ਭਾਰਤ ਟ ?ਰੇਨ ਵਿੱਚ ਐਂਟੀ-ਫ ?ਰੀਜ਼ਿੰਗ ਤਕਨਾਲੋਜੀ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਨਾਲ ਹੀ, ਸਬ-ਜ਼ੀਰੋ ਹਾਲਤਾਂ ਵਿੱਚ ਹੀਟਿੰਗ ਸਿਸਟਮ ਵੀ ਉਪਲਬਧ ਹੋਵੇਗਾ। ਸੀਟਾਂ ਦੀ ਗੱਲ ਕਰੀਏ ਤਾਂ ਇਹ 360 ਡਿਗਰੀ ਤੱਕ ਘੁੰਮਣਗੀਆਂ। ਹਰ ਸੀਟ ’ਤੇ ”♥2 ਚਾਰਜਿੰਗ ਪੁਆਇੰਟ ਉਪਲਬਧ ਹੋਣਗੇ। ਇਸ ਵੰਦੇ ਭਾਰਤ ਟ ?ਰੇਨ ਵਿੱਚ, ਸ਼ੁੱਧ ਸ਼ਾਕਾਹਾਰੀ ਭੋਜਨ ਤੋਂ ਇਲਾਵਾ, ਸੁਆਦੀ ਪਕਵਾਨਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਕਟੜਾ ਅਤੇ ਸ੍ਰੀਨਗਰ ਵਿਚਕਾਰ ਚੱਲਣ ਵਾਲੀ ਵੰਦੇ ਭਾਰਤ ਰੇਲਗੱਡੀ 7 ਜੂਨ, ਸ਼ਨੀਵਾਰ ਤੋਂ ਆਮ ਲੋਕਾਂ ਲਈ ਚੱਲੇਗੀ। ਇਹ ਰੇਲਗੱਡੀ ਇੱਕ ਦਿਨ ਵਿੱਚ ਚਾਰ ਚੱਕਰ ਲਗਾਏਗੀ। ਇਸ ਰੇਲਗੱਡੀ ਦਾ ਇੱਕੋ ਇੱਕ ਸਟਾਪੇਜ ਬਨਿਹਾਰ ਵਿੱਚ ਬਣਾਇਆ ਗਿਆ ਹੈ।

**ਰਿਆਸੀ ...**

ਮਾਤਾ ਵੈਸ਼ਨੋ ਦੇਵੀ ਇੰਸਟੀਚਿਊਟ ਆਫ਼ ਮੈਡੀਕਲ ਐਕਸੀਲੈਂਸ ਦਾ ਨੀਂਹ ਪੱਥਰ ਵੀ ਰੱਖਣਗੇ। ਇਹ ਸੰਸਥਾ ਰਿਆਸੀ ਜ਼ਿਲ੍ਹੇ ਦਾ ਪਹਿਲਾ ਮੈਡੀਕਲ ਕਾਲਜ ਹੈ। ਇਸ ਦੇ ਨਿਰਮਾਣ ਨਾਲ ਖੇਤਰ ਵਿੱਚ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਬਹੁਤ ਫਾਇਦਾ ਹੋਵੇਗਾ।

**ਲੁਧਿਆਣਾ ...**

ਕੀ ਹੈ ਪੂਰਾ ਮਾਮਲਾ ?

ਇਹ ਮਾਮਲਾ 8 ਜਨਵਰੀ 2025 ਦਾ ਹੈ, ਜਦੋਂ ਭਾਰਤੀ ਦੰਡ ਪ੍ਰਣਾਲੀ ਦੀ ਧਾਰਾ 420, 120-ਬੀ, 467, 468, 471 ਤੇ 409 ਦੇ ਤਹਿਤ ਐਫਆਈਆਰ ਦਰਜ਼ ਕੀਤੀ ਗਈ। ਮਾਮਲਾ ਲੁਧਿਆਣਾ ਇੰਪਰੂਵਮੈਂਟ ਟਰੱਸਟ (ਐਲਆਈਟੀ) ਵੱਲੋਂ ਦਹਾਕਿਆਂ ਪਹਿਲੇ ਸਰਾਭਾ ਨਗਰ ਚ ਨਿਊ ਸੀਨਿਅਰ ਸੈਕੰਡਰੀ ਸਕੂਲ ਨੂੰ ਚਲਾਉਣ ਲਈ ਅਲਾਟ ਕੀਤੀ ਗਈ 4.7 ਏਕੜ ਜ਼ਮੀਨ ਨਾਲ ਜੁੜਿਆ ਹੈ। ਇਸ ਜ਼ਮੀਨ ਸਿੱਖਿਅਕ ਉਦੇਸ਼ਾਂ ਲਈ ਰਿਆਇਤੀ ਦਰਾਂ ਤੇ ਦਿੱਤੀ ਗਈ ਸੀ।

ਜਾਂਚ ਚ ਪਤਾ ਚੱਲਿਆ ਕਿ ਇਸ ਜ਼ਮੀਨ ਦੇ ਕੁੱਝ ਹਿੱਸਿਆਂ ਨੂੰ ਗੈਰ-ਕਾਨੂੰਨੀ ਰੂਪ ਚ ਕਾਰੋਬਾਰੀ ਗਤੀਵਿਧੀਆਂ ਦੇ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਇਸ ਚ ਕਈ ਪਲੇ ਵੇਅ ਸਕੂਲ ਤੇ ਕਾਰੋਬਾਰ ਚੱਲ ਰਹੇ ਹਨ ਤੇ ਸਕੂਲ ਪ੍ਰਸ਼ਾਸਨ ਕਥਿਤ ਤੌਰ ਤੇ ਕਿਰਾਇਆ ਵਸੂਲ ਕਰ ਰਿਹਾ ਹੈ। ਜਿਸ ਚ ਵਿੱਤੀ ਬੇਨਿਯਮੀਆਂ 2,400 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ।

ਭਾਰਤ ਭੂਸ਼ਣ ਆਸ਼ੂ, ਨਰਿੰਦਰ ਕਾਲਾ ਕਮੇਟੀ ਦੇ ਰਹਿ ਚੁੱਕੇ ਹਨ ਮੈਂਬਰ

ਨਿਊ ਹਾਈ ਸਕੂਲ ਦੇ ਕਮੇਟੀ ਰਿਕਾਰਡ ਅਨੁਸਾਰ, ਭਾਰਤ ਭੂਸ਼ਣ ਆਸ਼ੂ 2012 ਤੋਂ 2017 ਤੱਕ ਉਪ ਪ੍ਰਧਾਨ ਸਨ, ਜਦੋਂ ਕਿ ਉਨ੍ਹਾਂ ਦਾ ਭਰਾ ਨਰਿੰਦਰ ਕਾਲਾ ਪਹਿਲਾ ਸੰਯੁਕਤ ਵਿੱਤ ਸਕੱਤਰ ਸੀ। ਫਿਰ 2017-2018 ਵਿੱਚ, ਆਸ਼ੂ ਕਮੇਟੀ ਤੋਂ ਬਾਹਰ ਸਨ, ਜਦੋਂ ਕਿ ਉਨ੍ਹਾਂ ਦਾ ਭਰਾ ਕਮੇਟੀ ਵਿੱਚ ਰਿਹਾ। ਨਰਿੰਦਰ ਕਾਲਾ 2020-21 ਵਿੱਚ ਉਪ ਪ੍ਰਧਾਨ ਸਨ।

**ਸ਼੍ਰੀ ਅਕਾਲ ...**

ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਬਾਬਾ ਜੋਗਾ ਸਿੰਘ ਤਰਨਾ ਦਲ ਬਾਬਾ ਬਕਾਲਾ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਖਾਲਸਾ ਸਮੇਤ ਕਈ ਪੰਥਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤੀ ਗਈ। ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸਰਵਣ ਕਰਵਾਇਆ।

ਇਸ ਮੌਕੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ, ਭਰਾ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ, ਜਰਨਲ ਸ਼ੁਬੇਗ ਸਿੰਘ ਦੇ ਭਰਾ ਸ. ਬੇਅੰਤ ਸਿੰਘ ਸਮੇਤ ਸ਼ਹੀਦਾਂ ਦੇ ਕਈ ਪਰਿਵਾਰਕ ਮੈਂਬਰਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼ ?ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸਾਬਕਾ ਪ੍ਰਧਾਨ ਸ. ਅਲਵਿੰਦਰ ਸਿੰਘ ਪੱਖੋਕੇ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ. ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਜਥੇਦਾਰ ਕੌਰ ਸਿੰਘ, ਸ. ਗੁਰਮੀਤ ਸਿੰਘ ਬੂਹ, ਸ. ਭੁਪਿੰਦਰ ਸਿੰਘ ਭਲਵਾਨ, ਬਾਬਾ ਬੂਟਾ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਸ. ਅਵਤਾਰ ਸਿੰਘ ਵਣਵਾਲਾ, ਸ. ਬਲਦੇਵ ਸਿੰਘ ਚੂੰਘਾਂ, ਸ. ਸਿਮਰਨਜੀਤ ਸਿੰਘ ਮਾਨ, ਸ. ਕੰਵਰਚੜ੍ਹਤ ਸਿੰਘ, ਸ. ਈਮਾਨ ਸਿੰਘ ਮਾਨ, ਸ. ਕਰਨੈਲ ਸਿੰਘ ਪੀਰਮੁਹੰਮਦ, ਸ. ਕੰਵਰਪਾਲ ਸਿੰਘ, ਭਾਈ ਜਸਬੀਰ ਸਿੰਘ ਘੁੰਮਣ, ਸ. ਅਮਰਬੀਰ ਸਿੰਘ ਢੋਟ, ਡਾ. ਅਮਰਜੀਤ ਸਿੰਘ, ਭਾਈ ਤਰਸੇਮ ਸਿੰਘ ਮੋਰਾਂਵਾਲੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਸ. ਤੇਜਿੰਦਰ ਸਿੰਘ ਪੱਡਾ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਕੁਲਦੀਪ ਸਿੰਘ ਰੋਡੇ, ਸ. ਗੁਰਦਿਆਲ ਸਿੰਘ, ਸ. ਜਸਵਿੰਦਰ ਸਿੰਘ ਜੱਸੀ, ਪ੍ਰੋ. ਸੁਖਦੇਵ ਸਿੰਘ, ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸ. ਮਨਜੀਤ ਸਿੰਘ, ਸੁਪਰਡੰਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ ਆਦਿ ਮੌਜੂਦ ਸਨ।

**ਜੂਨ ...**

ਸਰਕਾਰਾਂ ਵੱਲੋਂ ਸਿੱਖਾਂ ਨਾਲ ਕੀਤੀ ਬੇਗਾਨਗੀ ਦਾ ਅਹਿਸਾਸ ਕਰਵਾਉਂਦਾ ਹੈ। ਅੱਜ ਵੀ ਬਹੁਤ ਸਾਰੇ ਮਾਮਲੇ ਸਰਕਾਰਾਂ ਪਾਸ ਲੰਬਤ ਹਨ, ਜਿਨ੍ਹਾਂ ਪ੍ਰਤੀ ਸਰਕਾਰਾਂ ਦਾ ਰਵੱਈਆ ਨਾਕਾਰਾਤਮਿਕ ਹੀ ਰਿਹਾ ਹੈ। ਉਨ੍ਹਾਂ ਕਿਹਾ ਕਿ 2019 ’ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਮੌਕੇ ਭਾਰਤ ਸਰਕਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਐਲਾਨ ਕੀਤਾ ਸੀ, ਜਿਸ ’ਤੇ ਸਰਕਾਰ ਪੂਰਾ ਨਹੀਂ ਉਤਰੀ। ਉਨ੍ਹਾਂ ਕਿਹਾ ਕਿ ਅੱਜ ਵੀ ਸਿੱਖਾਂ ਦੀ ਤਾਕਤ ਨੂੰ ਖੇਰੂੰ-ਖੇਰੂੰ ਕਰਨ ਦੇ ਯਤਨ ਹੋ ਰਹੇ ਹਨ, ਇਸੇ ਤਹਿਤ ਸਿੱਖ ਸੰਸਥਾ ਤੋਂ ਹਰਿਆਣਾ ਗੁਰਦੁਆਰਾ ਕਮੇਟੀ ਨੂੰ ਅਲੱਗ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹਰਿਆਣਾ ਗੁਰਦੁਆਰਾ ਕਮੇਟੀ ਦੀ ਚੋਣ ਸਮੇਂ ਜਿਸ ਤਰ੍ਹਾਂ ਦਖ਼ਲਅੰਦਾਜ਼ੀ ਕੀਤੀ ਗਈ, ਉਹ ਸਭ ਦੇ ਸਾਹਮਣੇ ਹੈ। ਸ਼ ?ਰੋਮਣੀ ਕਮੇਟੀ ਪ੍ਰਧਾਨ ਨੇ ਸਿੱਖ ਮਸਲਿਆਂ ਦੇ ਹੱਲ ਲਈ ਕੌਮ ਨੂੰ ਇਕਜੁਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਸ਼ਹੀਦੀ ਸਮਾਗਮ ਵਿਚ ਪਹੁੰਚੇ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਸਿੱਖ ਸੰਪ੍ਰਦਾਵਾਂ, ਸਿੱਖ ਜਥੇਬੰਦੀਆਂ ਅਤੇ ਸੰਗਤਾਂ ਦਾ ਧੰਨਵਾਦ ਵੀ ਕੀਤਾ।

**ਸ੍ਰੀ ਅਕਾਲ ...**

ਅਸਥਾਨ ਤੇ ਸ਼ਰਧਾ ਪੂਰਵਕ ਨਤਮਸਤਕ ਹੋਈਆਂ, ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਅਤੇ ਸ਼ਹੀਦ ਸਿੰਘਾਂ ਨੂੰ ਸ਼ਰਧਾ ਸਤਿਕਾਰ ਭੇਟ ਕੀਤਾ।

ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦ ਸਿੰਘਾਂ ਦੀ ਯਾਦ ‘ਚ ਅਯੋਜਤ ਸਮਾਗਮ ਭਲੀਭਾਂਤ ਸਾਂਤੀ ਪੂਰਨ ਮੁਕੰਮਲ ਹੋਇਆ ਹੈ। ਉਨ੍ਹਾਂ ਕਿਹਾ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਵੱਡ ਵੱਡੇਰਿਆਂ ਨੇ ਸੱਚੰਖਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਖਾਤਰ ਬੇ-ਹਿਸਾਬ ਕੁਰਬਾਨੀਆਂ ਦਿੱਤੀਆਂ ਹਨ। ਗੁਰੂ ਦੀਆਂ ਲਾਡਲੀਆਂ ਫੌਜਾਂ ਪਹਿਲਾਂ ਵੀ, ਹੁਣ ਵੀ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਸਰਵਉਚ ਧਾਰਮਿਕ ਪਵਿੱਤਰ ਅਸਥਾਨਾਂ ਦੀ ਅਜਮਤ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਬਰ ਤਿਆਰ ਹਨ।

**ਦਿੱਲੀ ਦੀ ...**

ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਸੀ। ਇਨ੍ਹਾਂ 100 ਦਿਨਾਂ ਵਿੱਚ, ਰੇਖਾ ਗੁਪਤਾ ਸਰਕਾਰ ਨੇ ਵਿਕਾਸ ਨੂੰ ਤਰਜੀਹ ਦੇਣ ਵਾਲੀਆਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿੱਚ ਖਾਸ ਕਰਕੇ ਸੜਕਾਂ ਅਤੇ ਬੁਨਿਆਦੀ ਢਾਂਚੇ ਨਾਲ ਸਬੰਧਤ ਪ੍ਰੋਜੈਕਟ ਸ਼ਾਮਲ ਹਨ।

**ਯੂਵੀ ...**

ਗੈਂਗ ਨਾਲ ਸਬੰਧਤ ਦੱਸੇ ਜਾ ਰਹੇ ਹਨ। ਪੁਲਿਸ ਨੇ ਮੁੱਖ ਦੋਸ਼ੀ ਜੋਗਿੰਦਰ ਸਿੰਘ ਉਰਫ ਲਾਲੂ ਅਤੇ ਉਸ ਦੇ ਪੁੱਤਰ ਅੰਗਰੇਜ਼ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਸ਼ੁੱਕਰਵਾਰ ਦੇਰ ਸ਼ਾਮ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐਸਐਸਪੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਮ੍ਰਿਤਕ ਆਸ਼ੂ ਮੋਂਗਾ ਦੀ ਪਤਨੀ ਪਵਨਦੀਪ ਕੌਰ ਦੇ ਬਿਆਨ ’ਤੇ ਨਾਮੀ ਗੈਂਗਸਟਰ ਅਸ਼ੀਸ਼ ਚੋਪੜਾ, ਅਮਰੀਕ ਸਿੰਘ ਉਰਫ ਅਮਰੀਕਾ, ਜੋਗਿੰਦਰ ਸਿੰਘ ਉਰਫ ਲਾਲੂ (ਗ੍ਰਿਫ਼ਤਾਰ), ਉਸ ਦਾ ਪੁੱਤਰ ਅੰਗਰੇਜ਼ ਸਿੰਘ (ਗ੍ਰਿਫਤਾਰ), ਗੁਰਦਿੱਤ ਸਿੰਘ, ਸ਼ਿਵਮ ਸਹਿਗਲ ਉਰਫ ਸਾਂਗਾ, ਯੁਵਰਾਜ ਉਰਫ ਯੂਵੀ ਤੇ 4-5 ਹੋਰ ਅਣਪਛਾਤਿਆਂ ਦੇ ਨਾਂਅ ਪਰਚਾ ਦਰਜ ਕੀਤਾ ਹੈ। ਦੂਜੇ ਪਾਸੇ ਅਰਸ਼ਦੀਪ ਸਿੰਘ ਵਾਸੀ ਅੱਛੇ ਵਾਲਾ ਦੇ ਬਿਆਨ ’ਤੇ ਗੁਰਜਿੰਦਰ ਸਿੰਘ ਉਰਫ ਗੁਰੀ, ਨੱਢਾ ਉਰਫ ਸਾਹਬਾ, ਲੱਖਾ, ਅਮਰਜੀਤ ਸਿੰਘ, ਦੇਵ ਸ਼ਰਮਾ ਅਤੇ ਆਸ਼ੂ ਮੋਂਗਾ ਖ਼ ?ਲਾਫ ਕੇਸ ਦਰਜ ਕੀਤਾ ਗਿਆ ਹੈ।

ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਮਾਮਲਾ ਨਿੱਜੀ ਰੰਜਿਸ਼ ਨਾਲ ਜੁੜਿਆ ਹੋਇਆ ਹੈ। ਘਟਨਾ ਦੀ ਜਾਂਚ ਲਈ ਫੋਰੈਂਸਿਕ ਟੀਮ ਨੂੰ ਮੌਕੇ ਤੋਂ ਮਿਲੇ 5 ਖੋਲ ਜਾਂਚ ਲਈ ਭੇਜੇ ਗਏ ਹਨ। ਦੋਸ਼ੀਆਂ ਦੀ ਸ਼ਨਾਖਤ ਹੋ ਚੁੱਕੀ ਹੈ ਤੇ ਹਮਲਾਵਰਾਂ ਦੀਆਂ ਤਸਵੀਰਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

**ਬਾਰਤ ਭੂਸ਼ਨ ...**

ਤੇ ਇਕੱਠੇ ਹਨ। ਵੜਿੰਗ ਨੇ ਭਾਰਤ ਭੂਸ਼ਨ ਆਸੂ ਦੇ ਸਮਾਗਮਾਂ ‘ਚ ਹਿੱਸਾ ਨਾ ਲੈਣ ‘ਤੇ ਵੀ ਬੋਲਦੇ ਹੋਏ ਕਿਹਾ ਕਿ ਉਹ ਕੈਂਡੀਡੇਟ ਹਨ ਅਤੇ ਉਹਨਾਂ ਦੇ ਕਈ ਜਗ ?ਹਾ ਪ੍ਰੋਗਰਾਮ ਹੁੰਦੇ ਹਨ। ਉਹਨਾਂ ਕਿਹਾ ਕਿ ਉਹ ਸੂਬਾ ਪ੍ਰਧਾਨ ਹਨ ਅਤੇ ਉਹ ਵੀ ਉਹਨਾਂ ਦੀ ਕੈਂਪੇਨ ਦਾ ਹਿੱਸਾ ਬਣਨਗੇ। ਉਹਨਾਂ ਕਿਹਾ ਕਿ ਕਾਂਗਰਸ ਯੂਨਾਈਟੈਡ ਹੋ ਕੇ ਇਹ ਲੜਾਈ ਲੜੇਗੀ।

**ਸਿੱਧਰਮਈਆ ...**

ਹੋਣ ਨਾਲ ਸੁਰੱਖਿਆ ਸਮੱਸਿਆਵਾਂ ਪੈਦਾ ਹੋਣਗੀਆਂ ਅਤੇ ਪੁਲਿਸ ਸਾਰੀ ਰਾਤ ਭੀੜ ਨੂੰ ਕੰਟਰੋਲ ਕਰਦੇ-ਕਰਦੇ ਥੱਕ ਗਈ ਸੀ।

ਮੁੱਖ ਮੰਤਰੀ ਨੇ ਜ਼ੁਬਾਨੀ ਦਿੱਤਾ ਸੀ ਹੁਕਮ

ਕੁਮਾਰਸਵਾਮੀ ਅਨੁਸਾਰ, ਗੋਵਿੰਦਰਾਜੂ ਨੇ ਫਿਰ ਸਿੱਧਰਮਈਆ ਨੂੰ ਕਮਿਸ਼ਨਰ ਨਾਲ ਗੱਲ ਕਰਵਾਈ ਅਤੇ ਮੁੱਖ ਮੰਤਰੀ ਨੇ ਜ਼ੁਬਾਨੀ ਤੌਰ ’ਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਪ੍ਰੋਗਰਾਮਾਂ ਲਈ ਇਜਾਜ਼ਤ ਦੇਣ ਦਾ ਆਦੇਸ਼ ਦਿੱਤਾ। ਮੰਨਿਆ ਜਾ ਰਿਹਾ ਹੈ ਕਿ ਗੋਵਿੰਦਾਰਾਜੂ ਨੂੰ ਇਸੇ ਕਾਰਨ ਕਰਕੇ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ।

ਕਰਨਾਟਕ ਸਰਕਾਰ ਨੇ ਏਡੀਜੀਪੀ ਇੰਟੈਲੀਜੈਂਸ ਹੇਮੰਤ ਨਿੰਬਲਕਰ ਦਾ ਵੀ ਤਬਾਦਲਾ ਕਰ ਦਿੱਤਾ ਹੈ। ਦੋਸ਼ ਸਨ ਕਿ ਸਰਕਾਰ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਤੋਂ ਝਿਜਕ ਰਹੀ ਸੀ ਕਿਉਂਕਿ ਉਨ੍ਹਾਂ ਦੀ ਪਤਨੀ ਸਾਬਕਾ ਕਾਂਗਰਸੀ ਵਿਧਾਇਕ ਹੈ।

**ਸਰਹੱਦ ...**

ਦੇ ਰਹਿਣ ਵਾਲੇ ਸੁਖਚੈਨ ਸਿੰਘ ਅਤੇ ਅੰਮ੍ਰਿਤਸਰ ਦੇ ਪਿੰਡ ਭਕਨਾ ਕਲਾਂ ਦੇ ਰਹਿਣ ਵਾਲੇ ਜੁਗਰਾਜ ਸਿੰਘ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਅੱਠ ਆਧੁਨਿਕ ਪਿਸਤੌਲ - ਜਿਨ੍ਹਾਂ ਵਿੱਚ ਤਿੰਨ 9 ਐਮਐਮ ਗਲੌਕ, ਚਾਰ ਪੀਐਕਸ5, ਅਤੇ ਇੱਕ .30 ਬੋਰ ਪਿਸਤੌਲ -ਸ਼ਾਮਲ ਹਨ, ਬਰਾਮਦ ਕਰਨ ਤੋਂ ਇਲਾਵਾ ਖੇਪਾਂ ਦੀ ਡਿਲੀਵਰੀ ਲਈ ਵਰਤੇ ਜਾ ਰਹੇ ਉਨ੍ਹਾਂ ਦੇ ਕਾਲੇ ਸਪਲੈਂਡਰ ਮੋਟਰਸਾਈਕਲ (ਪੀਬੀ02ਡੀਸੀ 1197) ਨੂੰ ਵੀ ਜ਼ਬਤ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਕਿਸਤਾਨ ਸਥਿਤ ਤਸਕਰ ਨੂਰ— ਜੋ ਪਾਕਿਸਤਾਨ ਦੇ ਮਨਿਹਾਲਾ ਦਾ ਰਹਿਣ ਵਾਲਾ ਹੈ ਅਤੇ ਸਰਹੱਦ ਪਾਰੋਂ ਹਥਿਆਰਾਂ ਦੀ ਖੇਪ ਪਹੁੰਚਾਉਣ ਲਈ ਡਰੋਨ ਦੀ ਵਰਤੋਂ ਕਰਦਾ ਸੀ— ਦੇ ਨਿਰਦੇਸ਼ਾਂ ਹੇਠ ਕੰਮ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸੂਬੇ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਦੇ ਇਰਾਦੇ ਨਾਲ ਪੰਜਾਬ ਦੇ ਗੈਂਗਸਟਰਾਂ ਨੂੰ ਅੱਗੇ ਹਥਿਆਰ ਵੰਡ ਰਹੇ ਸਨ।

ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ, ਡੀਜੀਪੀ ਨੇ ਕਿਹਾ ਕਿ ਸੀ.ਆਈ. ਅੰਮ੍ਰਿਤਸਰ ਨੂੰ ਅੰਮ੍ਰਿਤਸਰ ਦੇ ਘਰਿੰਡਾ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਪਿੰਡ ਭੈਣੀ ਰਾਜਪੂਤਾਂ ਤੋਂ ਉਕਤ ਦੋਸ਼ੀਆਂ ਵੱਲੋਂ ਹਥਿਆਰਾਂ ਦੀ ਖੇਪ ਪ੍ਰਾਪਤ ਹੋਣ ਬਾਰੇ ਪੁਖ਼ਤਾ ਇਤਲਾਹ ਮਿਲੀ ਸੀ।

ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਪੁਲਿਸ ਟੀਮਾਂ ਨੇ ਅੰਮ੍ਰਿਤਸਰ ਦੇ ਖਾਸਾ ਨੇੜੇ ਅੰਮ੍ਰਿਤਸਰ-ਅਟਾਰੀ ਜੀਟੀ ਰੋਡ ’ਤੇ ਦੋ ਵਿਅਕਤੀਆਂ ਨੂੰ ਉਦੋਂ ਕਾਬੂ ਕਰ ਲਿਆ, ਜਦੋਂ ਉਹ ਆਪਣੇ ਮੋਟਰਸਾਈਕਲ ’ਤੇ ਖੇਪ ਪਹੁੰਚਾਉਣ ਜਾ ਰਹੇ ਸਨ। ਪੁਲਿਸ ਟੀਮਾਂ ਵੱਲੋਂ ਉਨ੍ਹਾਂ ਦੇ ਕਬਜ਼ੇ ਵਿੱਚੋਂ ਹਥਿਆਰ ਵੀ ਬਰਾਮਦ ਕੀਤੇ ਗਏ। ਉਨ੍ਹਾਂ ਕਿਹਾ ਕਿ ਨੈੱਟਵਰਕ ਦੇ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਇਸ ਸਬੰਧ ਵਿੱਚ ਅਸਲਾ ਐਕਟ ਦੀ ਧਾਰਾ 25, 25(1)(ਏ) ਅਤੇ 25(1)(ਬੀ) ਅਤੇ ਬੀਐਨਐਸ ਦੀ ਧਾਰਾ 61(2) ਦੇ ਤਹਿਤ ਐਫਆਈਆਰ ਨੰਬਰ 34 ਮਿਤੀ 05.06.2025 ਨੂੰ ਪੁਲਿਸ ਸਟੇਸ਼ਨ ਐਸਐਸਓਸੀ, ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਅਖਿਲ ਭਾਰਤੀ ਸ਼੍ਰੀ ਪੰਚ ਨਿਵਾਰਣੀ ਅਨੀ ਅਖਾੜਾ ਦੇ ਰਾਸ਼ਟਰੀ ਪ੍ਰਧਾਨ ਮਹੰਤ ਮੁਰਲੀ ਦਾਸ ਜੀ ਗੜ੍ਹਸ਼ੰਕਰ ਪਹੁੰਚੇ

## ਡਾਕਟਰ ਦੀਪਕ ਕੁਮਾਰ ਵਲੋਂ ਮਹੰਤ ਜੀ ਦਾ ਕੀਤਾ ਵਿਸ਼ੇਸ਼ ਸਨਮਾਨ

**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਅਖਿਲ ਭਾਰਤੀ ਸ਼੍ਰੀ ਪੰਚ ਨਿਵਾਰਣੀ ਅਨੀ ਅਖਾੜਾ ਦੇ ਰਾਸ਼ਟਰੀ ਪ੍ਰਧਾਨ ਮਹੰਤ ਮੁਰਲੀ ਦਾਸ ਜੀ ਸ਼੍ਰੀ ਹਨੂੰਮਾਨ ਗੜ੍ਹੀ ਸ਼੍ਰੀ ਅਯੁੱਧਿਆ ਧਾਮ ਨੇ ਅੱਜ ਵਿਸ਼ੇਸ਼ ਤੌਰ ਤੇ ਦੀਪਕ ਅੱਖਾਂ ਦਾ ਹਸਪਤਾਲ ਗੜ੍ਹਸ਼ੰਕਰ ਵਿਖੇ ਪਹੁੰਚ ਕੇ ਡਾਕਟਰ ਦੀਪਕ ਕੁਮਾਰ ਪਾਂਡੇ ਨਾਲ ਮੁਲਾਕਾਤ ਕੀਤੀ। ਇਸ ਮੌਕੇ ਡਾਕਟਰ ਦੀਪਕ ਕੁਮਾਰ ਪਾਂਡੇ ਨੇ ਮਹੰਤ ਮੁਰਲੀ ਦਾਸ ਜੀ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਮਹੰਤ ਮੁਰਲੀ ਦਾਸ ਜੀ ਵੱਲੋਂ ਡਾਕਟਰ ਦੀਪਕ ਕੁਮਾਰ ਪਾਂਡੇ ਨਾਲ ਧਾਰਮਿਕ ਮੁੱਦਿਆਂ ਨੂੰ ਲੈਕੇ ਲੰਮੀਂ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਡਾਕਟਰ ਦੀਪਕ ਕੁਮਾਰ ਪਾਂਡੇ ਵਲੋਂ ਮਹੰਤ ਮੁਰਲੀ ਦਾਸ ਜੀ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਸਚਿਨ ਦਾਸ, ਸਰਕਾਰ ਦਾਸ, ਰਘੂਨਾਥ ਦਾਸ ਅਤੇ ਭਾਨੂ ਪਾਲ ਦਾਸ ਆਦਿ ਹਾਜ਼ਰ ਸਨ।



# ਗੜ੍ਹਸ਼ੰਕਰ ਵਿਖੇ ਚੱਲ ਰਹੀ ਸੀ.ਐਮ ਦੀ ਯੋਗਸ਼ਾਲਾ ਦਾ ਲੋਕਾਂ ਨੂੰ ਮਿਲ ਰਿਹਾ ਭਰਪੂਰ ਲਾਹਾ

**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਗੜ੍ਹਸ਼ੰਕਰ ਬਲਾਕ ਵਿਚ ਸੀ.ਐਮ ਦੀ ਯੋਗਸ਼ਾਲਾ ਅਧੀਨ 3 ਯੋਗਾ ਟ ?ੇਨਰ ਸਵੇਰੇ 5:15 ਵਜੇ ਤੋਂ ਸ਼ਾਮ 7:30 ਵਜੇ ਤੱਕ ਯੋਗਾ ਕਲਾਸਾਂ ਲਗਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ.ਐਮ ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਮੈਡਮ ਮਾਧਵੀ ਸਿੰਘ ਨੇ ਦੱਸਿਆ ਕਿ ਮਾਤਾ ਵੈਸ਼ਨੋ ਦੇਵੀ ਮੰਦਿਰ ਵਿਖੇ ਚੱਲ ਰਹੀ ਕਲਾਸ ਵਿਚ ਸੁਸ਼ਮਾ ਦੀ ਪੀ.ਸੀ.ਓ.ਡੀ ਸਮੱਸਿਆ ਪੂਰੀ ਤਰ੍ਹਾਂ ਠੀਕ ਹੋ ਗਈ ਹੈ। ਇਸੇ ਤਰ੍ਹਾਂ ਪਿੰਡ ਪਹਿਲੇਵਾਲ ਦੀ ਕਲਾਸ ਵਿਚ ਬਲਜੀਤ ਦਾ ਸਰਵਾਈਕਲ ਪੂਰੀ ਤਰ੍ਹਾਂ ਠੀਕ ਹੋ ਗਿਆ ਹੈ। ਬੀ.ਏ.ਐਮ ਖ਼ਾਲਸਾ ਕਾਲਜ ਦੀ ਕਲਾਸ ਵਿਚ ਸੁਰਿੰਦਰ ਨੂੰ ਪਿੱਠ ਦੇ ਦਰਦ ਤੋਂ ਰਾਹਤ ਮਿਲੀ ਹੈ ਅਤੇ ਆਦਰਸ਼ ਨਗਰ ਕਲੋਨੀ ਦੀ ਕਲਾਸ ਵਿਚ ਹਰਪ੍ਰੀਤ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਾਨਸਿਕ ਸ਼ਾਂਤੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਕੁਲਵਿੰਦਰ ਦੀ ਗੋਡਿਆਂ ਦੇ ਦਰਦ ਦੀ ਸਮੱਸਿਆ ਪੁੱਡਾ ਕਲੋਨੀ ਦੀ ਕਲਾਸ ਵਿਚ ਪੂਰੀ ਤਰ੍ਹਾਂ ਠੀਕ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਗੜ੍ਹਸ਼ੰਕਰ ਬਲਾਕ ਦੇ ਕਈ ਯੋਗ ਅਭਿਆਸੀਆਂ ਨੇ ਰੋਜ਼ਾਨਾ ਯੋਗਾ ਕਰਕੇ ਕਈ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਾ ਹੱਲ ਲੱਭਿਆ ਹੈ। ਜਿਵੇਂ ਕਿ ਸਰਵਾਈਕਲ, ਮਾਈਗ੍ਰੇਨ, ਬੀ.ਪੀ ਦੀ ਸਮੱਸਿਆ, ਗੋਡਿਆਂ ਦਾ ਦਰਦ, ਪਿੱਠ ਦਰਦ, ਗਠੀਆ, ਪੀ.ਸੀ.ਓ.ਡੀ, ਮੋਟਾਪਾ, ਥਾਇਰਾਇਡ, ਇਨਸੌਮਨੀਆ ਅਤੇ ਮਾਨਸਿਕ ਉਦਾਸੀ ਅਤੇ ਚਿੰਤਾ ਤੋਂ ਵੀ ਛੁਟਕਾਰਾ ਪਾਇਆ ਹੈ।



ਮਾਧਵੀ ਸਿੰਘ ਨੇ ਦੱਸਿਆ ਕਿ ਗੜ੍ਹਸ਼ੰਕਰ ਬਲਾਕ ਵਿਚ ਵੱਖ-ਵੱਖ ਥਾਵਾਂ 'ਤੇ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਜਿਨ੍ਹਾਂ ਵਿੱਚ ਸਵੇਰੇ 5:15 ਤੋਂ 6:15 ਵਜੇ ਬੀ.ਏ.ਐਮ ਖਾਲਸਾ ਕਾਲਜ, ਪਿੰਡ ਪਹਿਲੇਵਾਲ ਵਿੱਚ 6:30 ਤੋਂ 7:30 ਅਤੇ ਸ਼ਾਮ 4 ਤੋਂ 5 ਵਜੇ ਪੁੱਡਾ ਕਲੋਨੀ, ਆਦਰਸ਼ ਨਗਰ ਕਲੋਨੀ ਵਿੱਚ 6:20 ਤੋਂ 7:20 ਅਤੇ ਮਾਤਾ ਵੈਸ਼ਨੋ ਦੇਵੀ ਮੰਦਰ ਵਿੱਚ ਸਵੇਰੇ 7:45 ਤੋਂ 8:45 ਅਤੇ ਸ਼ਾਮ 5:10 ਤੋਂ 6:10 ਤੱਕ ਯੋਗਾ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਨ੍ਹਾਂ ਕਲਾਸਾਂ ਦਾ ਗੜ੍ਹਸ਼ੰਕਰ ਵਾਸੀ ਭਰਪੂਰ ਲਾਹਾ ਲੈ ਰਹੇ ਹਨ।

# ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਨੇ ਫੁਗਲਾਣਾ ਵਿੱਚ ਨਵੇਂ ਓਟ ਕਲੀਨਿਕ ਦਾ ਕੀਤਾ ਉਦਘਾਟਨ

## ਨਸ਼ਾ ਮੁਕਤੀ ਅਭਿਆਨ ਨੂੰ ਮਿਲੀ ਨਵੀਂ ਰਫ਼ਤਾਰ

**ਹੁਸ਼ਿਆਰਪੁਰ/ ਤਰਸੇਮ ਦੀਵਾਨਾ**

ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਫੁਗਲਾਣਾ ਪਿੰਡ ਵਿਖੇ ਫਗਵਾੜਾ-ਹੁਸ਼ਿਆਰਪੁਰ ਰੋਡ 'ਤੇ ਨਵੇਂ 'ਓਟ' (®®1") ਕਲੀਨਿਕ ਦਾ ਉਦਘਾਟਨ ਕੀਤਾ। ਉਹਨਾਂ ਨੇ ਕਿਹਾ ਕਿ ਇਹ ਕਲੀਨਿਕ ਆਲੇ-ਦੁਆਲੇ ਦੇ ਪਿੰਡਾਂ ਲਈ ਇਕ ਮਹੱਤਵਪੂਰਨ ਚਿਕਿਤਸਾ ਸਹੂਲਤ ਹੋਵੇਗੀ, ਜਿਸ ਦਾ ਮੁੱਖ ਉਦੇਸ਼ ਨਸ਼ੇ ਦੀ ਲਤ ਵਿਚ ਫਸੇ ਹੋਏ ਲੋਕਾਂ ਨੂੰ ਇਲਾਜ ਅਤੇ ਪਰਾਮਰਸ਼ ਸਹੂਲਤਾਂ ਮੁਹੱਈਆ ਕਰਵਾ ਕੇ ਉਹਨਾਂ ਨੂੰ ਮੁੜ ਸਮਾਜ ਦੀ ਮੁੱਖਧਾਰਾ ਨਾਲ ਜੋੜਣਾ ਹੈ।

ਡਾ. ਇਸ਼ਾਂਕ ਨੇ ਕਿਹਾ, "ਯੁੱਧ ਨਸ਼ਿਆਂ ਵਿਰੁੱਧ"ਅਭਿਆਨ ਤਹਿਤ ਅਸੀਂ ਸਿਰਫ ਜਾਗਰੂਕਤਾ ਤੱਕ ਹੀ ਸੀਮਤ ਨਹੀਂ ਹਾਂ, ਸਗੋਂ ਜੋ ਲੋਕ ਨਸ਼ੇ ਦੀ ਗਿਰਫ਼ਤ ਵਿਚ ਹਨ, ਉਹਨਾਂ ਨੂੰ ਬਚਾਉਣ ਲਈ ਠੋਸ ਕਦਮ ਚੁੱਕ ਰਹੇ ਹਾਂ। ਪੰਜਾਬ ਸਰਕਾਰ ਇਸ ਦਿਸ਼ਾ ਵਿੱਚ ਸਹਾਇਕ ਪ੍ਰਣਾਲੀਆਂ ਨੂੰ ਹੋਰ ਮਜ਼ਬੂਤ ਤੇ ਤੇਜ਼ ਕਰ ਰਹੀ ਹੈ।



ਉਹਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਣ ਲਈ ਵਚਨਬੱਧ ਹੈ ਅਤੇ ਅਜਿਹੇ ਕਲੀਨਿਕਾਂ ਦੀ ਗਿਣਤੀ ਵਧਾ ਕੇ ਹਰ ਲੋੜਵੰਦ ਤੱਕ ਮਦਦ ਪਹੁੰਚਾਈ ਜਾਵੇਗੀ। ਡਾ. ਇਸ਼ਾਂਕ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰ, ਪਿੰਡ ਤੇ ਸਮਾਜ ਨੂੰ ਨਸ਼ਿਆਂ ਤੋਂ ਬਚਾਉਣ ਲਈ ਆਪਣਾ ਸਰਗਰਮ ਭੂਮਿਕਾ ਨਿਭਾਓਣ।

ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ-ਕਮ-ਨੋਡਲ ਅਧਿਕਾਰੀ ਨੇ ਕਿਹਾ ਕਿ ਓਟ ਕਲੀਨਿਕਾਂ ਦਾ ਮਕਸਦ ਨਸ਼ਿਆਂ ਦੀ ਲਤ ਨਾਲ ਜੂਝ ਰਹੇ ਵਿਅਕਤੀਆਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਦਵਾਈ ਅਤੇ ਕੌਂਸਲਿੰਗ ਸਹੂਲਤਾਂ ਦੇਣਾ ਹੈ, ਤਾਂ ਜੋ ਉਹ ਮੁੜ ਨਾਰਮਲ ਜੀਵਨ ਵੱਲ ਵਾਪਸ ਆ ਸਕਣ। ਕਾਰਜਕ੍ਰਮ(ਸਮਾਰੋਹ) ਵਿੱਚ ਡਾ. ਮਹਿਮਾ ਮਨਹਾਸ (ਮੈਡੀਕਲ ਅਫ਼ਸਰ), ਨਿਸ਼ਾ ਰਾਣੀ (ਪ੍ਰਬੰਧਕ), ਰਜਵਿੰਦਰ ਕੌਰ (ਕਾਊਂਸਲਰ), ਪਰਮਿੰਦਰ ਕੌਰ, ਪ੍ਰਸ਼ਾਂਤ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ। ਅਧਿਕਾਰੀਆਂ ਨੇ ਸਾਂਝਾ ਰੂਪ ਵਿੱਚ ਕਿਹਾ ਕਿ ਨਸ਼ਾ ਮੁਕਤੀ ਸਿਰਫ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਪੂਰੇ ਸਮਾਜ ਨੂੰ ਇਸ ਜੰਗ ਵਿੱਚ ਆਪਣਾ ਯੋਗਦਾਨ ਪਾਉਣਾ ਹੋਵੇਗਾ।

ਓਟ ਕਲੀਨਿਕ ਵਿੱਚ ਮਰੀਜ਼ਾਂ ਨੂੰ ਡਾਕਟਰਾਂ ਦੀ ਦੇਖ-ਰੇਖ ਹੇਠ ਢੁੱਕਵੀਆਂ ਦਵਾਈਆਂ ਅਤੇ ਤਜਰਬੇਕਾਰ ਕੌਂਸਲਰਾਂ ਵੱਲੋਂ ਮਾਨਸਿਕ ਮਦਦ ਮਿਲੇਗੀ, ਜਿਸ ਰਾਹੀਂ ਉਹਨਾਂ ਦੀ ਨਸ਼ੇ ਉੱਤੇ ਨਿਰਭਰਤਾ ਹੌਲੀ-ਹੌਲੀ ਘੱਟ ਹੋਵੇਗੀ। ਫੁਗਲਾਣਾ ਵਿੱਚ ਬਣਾਇਆ ਗਿਆ ਇਹ ਨਵਾਂ ਕਲੀਨਿਕ ਆਲੇ-ਦੁਆਲੇ ਦੇ ਸੈਂਕੜਿਆਂ ਪਰਿਵਾਰਾਂ ਲਈ ਉਮੀਦ ਦੀ ਕਿਰਣ ਸਾਬਤ ਹੋਵੇਗਾ ਅਤੇ ਰਾਜ ਸਰਕਾਰ ਦੇ ਨਸ਼ਾ ਵਿਰੋਧੀ ਅਭਿਆਨ ਨੂੰ ਹੋਰ ਮਜ਼ਬੂਤੀ ਦੇਵੇਗਾ। ਇਸ ਮੌਕੇ ਡਾ. ਅਨਿਲ ਕੁਮਾਰ, ਡਾ. ਕ੍ਰਿਸ਼ਨ ਗੋਪਾਲ, ਸਰਪੰਚ ਵਿਪਨ ਠਾਕੁਰ (ਫੁਗਲਾਣਾ), ਗੁਰਮੀਤ ਸਿੰਘ (ਪੰਚ), ਸਨਾਵਰ ਸਿੰਘ (ਪੰਚ), ਪ੍ਰੇਮ ਬਾਂਗੜ, ਡਾ. ਬਾਰਟੂ, ਅਵਤਾਰ ਸਿੰਘ ਧਾਮੀ, ਸਰਪੰਚ ਪਰਮਜੀਤ ਸਿੰਘ (ਖਨੌੜਾ), ਸਰਪੰਚ ਅੰਮ੍ਰਿਤ (ਪੰਡੋਰੀ ਕਦ) ਸਮੇਤ ਕਈ ਹੋਰ ਪਤਵੰਤੇ ਵਿਅਕਤੀ ਹਾਜ਼ਰ ਸਨ।

# ਹਮਦਰਦੀ ਲੈਣ ਲਈ ਖ਼ੁਦ ਨੂੰ ਵਿਜੀਲੈਂਸ ਨੋਟਿਸ ਭਿਜਵਾਉਣ ਦੀ ਭਾਰਤ ਭੂਸ਼ਣ ਆਸ਼ੂ ਦੀ ਚਾਲ ਹੋਈ ਨਾਕਾਮ: ਤਰੁਣਪ੍ਰੀਤ ਸੌਂਧ

**ਲੁਧਿਆਣਾ** - ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਤੋਂ ਪਹਿਲਾਂ ਰਾਜਨੀਤਿਕ ਹਮਦਰਦੀ ਹਾਸਲ ਕਰਨ ਲਈ ਕਾਂਗਰਸੀ ਨੇਤਾ ਭਾਰਤ ਭੂਸ਼ਣ ਆਸ਼ੂ ਵੱਲੋਂ ਰਚੀ ਗਈ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਹੈ।

'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਨਾਲ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਮੰਤਰੀ ਸੌਂਧ ਨੇ ਕਿਹਾ ਕਿ ਭਾਰਤ ਭੂਸ਼ਣ ਆਸ਼ੂ ਵਿਰੁੱਧ ਜਾਰੀ ਕੀਤਾ ਗਿਆ ਵਿਜੀਲੈਂਸ ਨੋਟਿਸ ਆਸ਼ੂ ਦੁਆਰਾ ਖ਼ੁਦ ਰਚੀ ਗਈ ਇੱਕ ਧੋਖਾਧੜੀ ਵਾਲੀ ਚਾਲ ਦਾ ਹਿੱਸਾ ਸੀ। ਜਾਂਚ ਕਰਨ 'ਤੇ ਪਤਾ ਲੱਗਾ ਕਿ ਨੋਟਿਸ ਜਾਰੀ ਕਰਨ ਵਾਲਾ ਵਿਅਕਤੀ ਵਿਜੀਲੈਂਸ ਐਸਐਸਪੀ ਆਸ਼ੂ ਦਾ ਸਾਬਕਾ ਸਹਿਪਾਠੀ ਅਤੇ ਕਰੀਬੀ ਦੋਸਤ ਸੀ। ਮੰਤਰੀ ਨੇ ਖ਼ੁਲਾਸਾ ਕੀਤਾ ਕਿ ਆਸ਼ੂ ਨੇ ਨੋਟਿਸ ਜਾਰੀ ਕਰਨ ਲਈ ਆਪਣੇ ਸਬੰਧਾਂ ਦੀ ਦੁਰਵਰਤੋਂ ਕੀਤੀ, ਜਿਸ ਦਾ ਉਦੇਸ਼ ਖ਼ੁਦ ਨੂੰ ਪੀੜਤ ਵਜੋਂ ਪੇਸ਼ ਕਰਨਾ ਅਤੇ ਸਕੂਲ ਜ਼ਮੀਨ ਘੁਟਾਲੇ ਵਿੱਚ ਕਥਿਤ ਬਹੁ-ਕਰੋੜੀ ਭ੍ਰਿਸ਼ਟਾਚਾਰ ਤੋਂ ਲੋਕਾਂ ਦਾ ਧਿਆਨ ਹਟਾਉਣਾ ਸੀ।



ਸੌਂਧ ਨੇ ਕਿਹਾ, 'ਭਾਰਤ ਦੇ ਰਾਜਨੀਤਿਕ ਇਤਿਹਾਸ ਵਿੱਚ ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਿਆਸਤਦਾਨ ਨੇ ਇੰਨਾ ਹੇਠਾਂ ਡਿੱਗ ਕੇ ਪੀੜਤ ਕਾਰਡ ਖੇਡਣ ਲਈ ਇੱਕ ਜਾਅਲੀ ਸੰਮਨ ਜਾਰੀ ਕਰਵਾਇਆ ਹੈ। ਭਾਰਤ ਭੂਸ਼ਣ ਆਸ਼ੂ ਦਾ ਇਰਾਦਾ ਸਾਫ਼ ਸੀ - ਮੌਜੂਦਾ ਸਰਕਾਰ ਦੇ ਨਿਸ਼ਾਨੇ ਵਜੋਂ ਆਪਣੇ ਆਪ ਨੂੰ ਦਰਸਾਉਂਦੇ ਹੋਏ ਹਮਦਰਦੀ ਹਾਸਲ ਕਰਨਾ।'

ਉਨ੍ਹਾਂ ਕਿਹਾ ਕਿ ਜਾਅਲੀ ਨੋਟਿਸ ਦਾ ਉਦੇਸ਼ ਕਰੋੜਾਂ ਰੁਪਏ ਦੇ ਸਕੂਲ ਜ਼ਮੀਨ ਘੁਟਾਲੇ ਤੋਂ ਧਿਆਨ ਹਟਾਉਣਾ ਸੀ ਜਿਸ ਵਿੱਚ ਆਸ਼ੂ ਅਤੇ ਉਨ੍ਹਾਂ ਦੇ ਸਾਥੀਆਂ, ਜਿਨ੍ਹਾਂ ਵਿੱਚ ਉਨ੍ਹਾਂ ਦਾ ਭਰਾ ਵੀ ਸ਼ਾਮਲ ਹੈ, 'ਤੇ ਸਕੂਲਾਂ ਲਈ ਅਲਾਟ ਕੀਮਤੀ ਜ਼ਮੀਨ ਦੀ ਦੁਰਵਰਤੋਂ ਕਰਨ ਦਾ ਦੋਸ਼ ਹੈ। ਇਸ ਘੁਟਾਲੇ ਨੇ ਮਾਪਿਆਂ, ਵਿਦਿਆਰਥੀਆਂ ਅਤੇ ਸਕੂਲ ਦੇ ਸਾਬਕਾ ਵਿਦਿਆਰਥੀਆਂ ਨੂੰ ਡੂੰਘਾ ਪ੍ਰਭਾਵਿਤ ਕੀਤਾ ਹੈ, ਜੋ ਹੁਣ ਨਿਆਂ ਅਤੇ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਰਵਾਈ ਦੀ ਮੰਗ ਕਰ ਰਹੇ ਹਨ।

'ਆਪ' ਆਗੂ ਨੇ ਕਿਹਾ ਕਿ ਲੁਧਿਆਣਾ ਪੱਛਮੀ ਵਿੱਚ ਹੋਣ ਵਾਲੀ ਹਾਰ ਦੇ ਡਰੋਂ, ਕਾਂਗਰਸ ਪਾਰਟੀ ਨਿਰਾਸ਼ਾਜਨਕ ਅਤੇ ਅਨੈਤਿਕ ਚਾਲਾਂ ਦਾ ਸਹਾਰਾ ਲੈ ਰਹੀ ਹੈ। ਉਨ੍ਹਾਂ ਕਿਹਾ ਇਸ ਪੱਧਰ ਦੀ ਬੇਈਮਾਨੀ ਅਤੇ ਹੇਰਾਫੇਰੀ ਕਾਂਗਰਸ ਲੀਡਰਸ਼ਿਪ ਦੇ ਡਿਗਦੇ ਨੈਤਿਕ ਤਾਣੇ-ਬਾਣੇ ਨੂੰ ਦਰਸਾਉਂਦੀ ਹੈ।

ਮੰਤਰੀ ਸੌਂਧ ਨੇ ਜਨਤਾ ਨੂੰ ਭਰੋਸਾ ਦਿੱਤਾ ਕਿ ਇਸ ਸਾਜ਼ਿਸ਼ ਵਿੱਚ ਸ਼ਾਮਲ ਵਿਜੀਲੈਂਸ ਅਧਿਕਾਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ, 'ਜਿਸ ਅਧਿਕਾਰੀ ਨੇ ਆਸ਼ੂ ਨੂੰ ਲਾਭ ਪਹੁੰਚਾਉਣ ਲਈ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ, ਉਸਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਅਜਿਹਾ ਵਿਵਹਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। 'ਆਪ' ਸਰਕਾਰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਜਨਤਕ ਵਿਸ਼ਵਾਸ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਬੇਨਕਾਬ ਕਰਨ ਅਤੇ ਸਜ਼ਾ ਦੇਣ ਲਈ ਸਾਰੇ ਜ਼ਰੂਰੀ ਕਦਮ ਚੁੱਕੇਗੀ।

ਸੌਂਧ ਨੇ ਕਾਂਗਰਸ ਲੀਡਰਸ਼ਿਪ ਨੂੰ ਘੁਟਾਲੇ ਨਾਲ ਸਬੰਧਿਤ ਦੋਸ਼ਾਂ ਦਾ ਜਵਾਬ ਦੇਣ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ, 'ਸੱਚ ਨੂੰ ਛੁਪਾਇਆ ਨਹੀਂ ਜਾ ਸਕਦਾ। ਇਸ ਘੁਟਾਲੇ ਦਾ ਘੇਰਾ ਬਹੁਤ ਵੱਡਾ ਹੈ ਅਤੇ ਅਸੀਂ ਹਰ ਵੇਰਵੇ ਦਾ ਪਰਦਾਫਾਸ਼ ਕਰਨ ਅਤੇ ਦੋਸ਼ੀਆਂ ਨੂੰ ਜਵਾਬਦੇਹ ਠਹਿਰਾਉਣ ਲਈ ਦ੍ਰਿੜ੍ਹ ਹਾਂ। ਮੈਂ ਮੀਡੀਆ ਨੂੰ ਅਪੀਲ ਕਰਦਾ ਹਾਂ ਕਿ ਉਹ ਸਕੂਲ ਦੇ ਸਾਬਕਾ ਵਿਦਿਆਰਥੀਆਂ, ਮਾਪਿਆਂ ਅਤੇ ਹਿੱਸੇਦਾਰਾਂ ਨਾਲ ਮਿਲ ਕੇ ਭ੍ਰਿਸ਼ਟਾਚਾਰ ਨੂੰ ਡੂੰਘਾਈ ਨਾਲ ਉਜਾਗਰ ਕਰਨ।'

**ਕਾਂਗਰਸ-ਭਾਜਪਾ ਗੱਠਜੋੜ ਲੁਧਿਆਣਾ ਪੱਛਮੀ ਵਿੱਚ 'ਆਪ' ਦੀ ਪ੍ਰਸਿੱਧੀ ਦੇ ਡਰ ਨੂੰ ਦਰਸਾਉਂਦਾ ਹੈ: ਤਰੁਣਪ੍ਰੀਤ ਸੌਂਧ**

'ਆਪ' ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਲੁਧਿਆਣਾ ਪੱਛਮੀ ਵਿੱਚ 'ਆਪ' ਉਮੀਦਵਾਰ ਸੰਜੀਵ ਅਰੋੜਾ ਵਿਰੁੱਧ ਗੱਠਜੋੜ ਲਈ ਭਾਜਪਾ ਅਤੇ ਕਾਂਗਰਸ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਭਾਜਪਾ ਨੇ ਹਾਰ ਮੰਨ ਲਈ ਹੈ ਅਤੇ ਵੋਟਰਾਂ ਨੂੰ 'ਆਪ' ਦਾ ਸਮਰਥਨ ਨਾ ਕਰਨ ਦੀ ਅਪੀਲ ਕਰ ਰਹੀ ਹੈ। ਸੰਜੀਵ ਅਰੋੜਾ ਦੇ ਸਾਫ਼ ਅਕਸ ਤੋਂ ਉਨ੍ਹਾਂ ਦਾ ਡਰ ਸਪੱਸ਼ਟ ਹੈ। ਉਨ੍ਹਾਂ ਭਾਰਤ ਭੂਸ਼ਣ ਆਸ਼ੂ ਦੇ ਭ੍ਰਿਸ਼ਟਾਚਾਰ ਘੁਟਾਲਿਆਂ ਤੋਂ ਧਿਆਨ ਹਟਾਉਣ ਲਈ ਕਾਂਗਰਸ ਅਤੇ ਭਾਜਪਾ ਦੀਆਂ ਅਨੈਤਿਕ ਚਾਲਾਂ, ਜਿਨ੍ਹਾਂ ਵਿੱਚ ਮਨਘੜਤ ਨੋਟਿਸ ਸ਼ਾਮਲ ਹਨ, ਦੀ ਨਿੰਦਾ ਕੀਤੀ। ਸੌਂਧ ਨੇ ਵੋਟਰਾਂ ਨੂੰ ਸੰਜੀਵ ਅਰੋੜਾ ਨੂੰ ਚੁਣ ਕੇ ਇਮਾਨਦਾਰੀ ਅਤੇ ਵਿਕਾਸ ਦੀ ਚੋਣ ਕਰਨ ਦੀ ਅਪੀਲ ਕੀਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੁਧਿਆਣਾ ਪੱਛਮੀ ਲੋਕ ਪਹਿਲਾਂ ਹੀ ਤਰੱਕੀ ਅਤੇ ਇਮਾਨਦਾਰੀ ਦਾ ਸਮਰਥਨ ਕਰਨ ਦਾ ਫ਼ੈਸਲਾ ਕਰ ਚੁੱਕੇ ਹਨ।

# ਮਾਲਵਾ ਕਾਲਜ ਬਠਿੰਡਾ ਨੇ ਵਾਤਾਵਰਨ ਦਿਵਸ ਮਨਾਇਆ



**ਬਠਿੰਡਾ / ਸੱਤਪਾਲ ਮਾਨ**

ਸਥਾਨਕ ਮਾਲਵਾ ਕਾਲਜ ਵਿਖੇ ਬੀਤੇ ਦਿਨੀਂ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਕੈਂਪਸ ਵਿੱਚ ਛਾਂਦਾਰ ਅਤੇ ਹਵਾਦਾਰ ਪੌਦੇ ਲਗਾਏ ਗਏ। ਕਾਲਜ ਪ੍ਰਿੰਸੀਪਲ ਡਾ. ਮਨਜੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਦੁਨਿਆ ਵਿਚ ਵਾਤਾਵਰਣ ਵਿੱਚ ਬਹੁਤ ਜਿਆਦਾ ਤਬਦੀਲੀ ਹੋ ਰਹੀ ਹੈ, ਜਿਸ ਕਰਕੇ ਗਰਮੀ ਬਹੁਤ ਜਿਆਦਾ ਵੱਧ ਗਈ, ਜਿਸ ਨਾਲ ਤਾਪਮਾਨ 50 ਡਿਗਰੀ ਦੇ ਕਰੀਬ ਪਹੁੰਚ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਗਰਮੀ ਤੋਂ ਬਚਾਅ ਲਈ ਹਰ ਮਨੁੱਖ ਨੂੰ ਆਪਣੇ ਘਰ ਅਤੇ ਆਲੇ-ਦੁਆਲੇ ਵਿਚ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਆਪਣੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਅਤੇ ਆਂਢੀ-ਗੁਆਂਢੀਆਂ ਨੂੰ ਵੀ ਪੌਦੇ ਲਗਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਲਜ ਦੇ ਡਿਪਟੀ ਡਾਇਰੈਕਟਰ ਡਾ. ਸਰਬਜੀਤ ਕੌਰ ਢਿੱਲੋਂ ਅਤੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

# ਭਗਤ ਕਬੀਰ ਜੀ ਦੇ ਪ੍ਰਕਾਸ਼ ਉਤਸਵ ਦੇ ਮੱਦੇਨਜ਼ਰ ਆਂਡੇ, ਮੀਟ ਤੇ ਸ਼ਰਾਬ ਦੀ ਵਿਕਰੀ 'ਤੇ ਪਾਬੰਦੀ

**ਜਲੰਧਰ**

ਭਗਤ ਕਬੀਰ ਜੀ ਦੇ ਪ੍ਰਕਾਸ਼ ਉਤਸਵ ਅਤੇ ਇਸ ਸਬੰਧੀ ਵੱਖ-ਵੱਖ ਜਥੇਬੰਦੀਆਂ ਵੱਲੋਂ ਕੱਢੀ ਜਾ ਰਹੀ ਸ਼ੋਭਾ ਯਾਤਰਾ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਅਤੇ ਧਾਰਮਿਕ ਭਾਵਨਾਵਾਂ ਦੇ ਮੱਦੇਨਜ਼ਰ ਵਧੀਕ ਜ਼ਿਲ੍ਹਾ ਮੈਜਿਸਟ ?ੇਟ ਜਲੰਧਰ ਅਮਨਿੰਦਰ ਕੌਰ ਵੱਲੋਂ ਆਂਡੇ, ਮੀਟ ਅਤੇ ਸ਼ਰਾਬ ਦੀ ਵਿਕਰੀ 'ਤੇ ਪਾਬੰਦੀ ਲਗਾਈ ਗਈ ਹੈ।

ਵਧੀਕ ਜ਼ਿਲ੍ਹਾ ਮੈਜਿਸਟ ?ੇਟ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਤੇ ਪੰਜਾਬ ਐਕਸਾਈਜ਼ ਐਕਟ 1914 ਦੀ ਧਾਰਾ 54 ਪੰਜਾਬ ਲਾਇਸੈਂਸ ਨਿਯਮਾਂਵਲੀ 1956 ਦੇ ਨਿਯਮ 9 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ 10 ਜੂਨ 2025 ਨੂੰ ਭਗਤ ਕਬੀਰ ਜੀ ਦੇ ਮੰਦਰ ਦੇ ਨਜ਼ਦੀਕ, ਜਿਥੋਂ ਸ਼ੋਭਾ ਯਾਤਰਾਵਾਂ ਸ਼ੁਰੂ ਹੋਣੀਆਂ ਹਨ ਅਤੇ ਸ਼ੋਭਾ ਯਾਤਰਾ ਦੇ ਰਸਤੇ ਅਤੇ 11 ਜੂਨ 2025 ਨੂੰ ਭਗਤ ਕਬੀਰ ਜੀ ਦੇ ਮੰਦਿਰ ਦੇ ਆਲੇ-ਦੁਆਲੇ ਆਂਡੇ, ਮੀਟ ਅਤੇ ਸ਼ਰਾਬ ਦੀ ਵਿਕਰੀ 'ਤੇ ਪਾਬੰਦੀ ਲਗਾਈ ਗਈ ਹੈ।

# ਜ਼ਿਲ੍ਹੇ 'ਚ ਬਾਲ ਭਲਾਈ ਕਮੇਟੀ ਅਤੇ ਜੁਵੇਨਾਈਲ ਜਸਟਿਸ ਬੋਰਡ ਦਾ ਹੋਵੇਗਾ ਪੁਨਰਗਠਨ : ਡਿਪਟੀ ਕਮਿਸ਼ਨਰ

**ਜਲੰਧਰ**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 0 ਤੋਂ 18 ਸਾਲ ਦੇ ਬੱਚਿਆਂ ਦੀ ਸੁਰੱਖਿਆ ਅਤੇ ਦੇਖ਼ਭਾਲ ਤੇ ਕਈ ਕਾਰਨਾਂ ਕਰਕੇ ਕਾਨੂੰਨੀ ਵਿਵਾਦਾਂ ਦੇ ਘੇਰੇ ਵਿੱਚ ਆਉਣ ਵਾਲੇ ਬੱਚਿਆਂ ਲਈ ਜੁਵੇਨਾਈਲ ਜਸਟਿਸ ਐਕਟ 2015 ਤਹਿਤ ਬਾਲ ਭਲਾਈ ਕਮੇਟੀ ਅਤੇ ਜੁਵੇਨਾਈਲ ਜਸਟਿਸ ਬੋਰਡ ਦਾ ਗਠਨ ਕੀਤਾ ਜਾਂਦਾ ਹੈ, ਜਿਨ੍ਹਾਂ ਕੋਲ ਬੱਚਿਆਂ ਦੇ ਭਵਿੱਖ ਨੂੰ ਧਿਆਨ 'ਚ ਰੱਖਦੇ ਹੋਏ ਯੋਗ ਫੈਸਲੇ ਲੈਣ ਦਾ ਅਧਿਕਾਰ ਹੁੰਦਾ ਹੈ ਅਤੇ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਕਰਦੇ ਹਨ। ਡਾ. ਅਗਰਵਾਲ ਨੇ ਦੱਸਿਆ ਕਿ ਬਾਲ ਭਲਾਈ ਕਮੇਟੀ ਅਤੇ ਜੁਵੇਨਾਈਲ ਜਸਟਿਸ ਬੋਰਡ ਦਾ ਕਾਰਜਕਾਲ ਤਿੰਨ ਸਾਲ ਦਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਚੱਲ ਰਹੀ ਬਾਲ ਭਲਾਈ ਕਮੇਟੀ ਅਤੇ ਜੁਵੇਨਾਈਲ ਜਸਟਿਸ ਬੋਰਡ ਦਾ ਕਾਰਜਕਾਲ ਖ਼ਤਮ ਹੋ ਗਿਆ ਹੈ, ਜਿਸ ਕਰਕੇ ਹੁਣ ਜੁਵੇਨਾਈਲ ਜਸਟਿਸ ਬੋਰਡ ਲਈ ਦੋ ਨਵੇਂ ਯੋਗ ਮੈਂਬਰਾਂ ਅਤੇ ਬਾਲ ਭਲਾਈ ਕਮੇਟੀ ਲਈ ਇੱਕ ਚੇਅਰਪਰਸਨ ਅਤੇ ਚਾਰ ਮੈਂਬਰਾਂ ਦੀ ਨਿਯੁਕਤੀ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਇਹ ਨਿਯੁਕਤੀਆਂ ਜੁਵੇਨਾਈਲ ਜਸਟਿਸ ਐਕਟ ਦੀ ਧਾਰਾ 27 ਅਤੇ 4 ਅਨੁਸਾਰ ਕੀਤੀਆਂ ਜਾਣੀਆਂ ਹਨ। ਉਨ੍ਹਾਂ ਦੱਸਿਆ ਕਿ ਬਾਲ ਭਲਾਈ ਕਮੇਟੀ ਅਤੇ ਜੁਵੇਨਾਈਲ ਜਸਟਿਸ ਬੋਰਡ ਲਈ ਅਪਲਾਈ ਕਰਨ ਲਈ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਦੀ ਵੈੱਬਸਾਈਟ 'ਤੇ ਦਿੱਤੇ ਗਏ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਅਪਲਾਈ ਕੀਤਾ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਦਫ਼ਤਰ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ, ਸਰਸਵਤੀ ਵਿਹਾਰ, ਕਪੂਰਥਲਾ ਰੋਡ, ਜਲੰਧਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਵੈੱਬਸਾਈਟ 'ਤੇ ਦਿੱਤੇ ਗਏ ਨਿਯਮਾਂ ਅਤੇ ਸ਼ਰਤਾਂ ਨੂੰ ਪੂਰਾ ਕਰਨ ਵਾਲੇ ਯੋਗ ਉਮੀਦਵਾਰ ਆਪਣਾ ਬਿਨੈ ਪੱਤਰ ਵਿਭਾਗ ਦੇ ਦਫ਼ਤਰ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਐਸ.ਸੀ.ਓ ਨੰਬਰ 102 ਅਤੇ 103 ਪਿਕਾਡਲੀ ਸਿਨੇਮਾ ਦੇ ਪਿੱਛੇ ਸੈਕਟਰ 34 ਏ ਚੰਡੀਗੜ੍ਹ ਵਿਖੇ ਰਜਿਸਟਰ ਡਾਕ ਜਾਂ ਸਪੀਡ ਪੋਸਟ ਰਾਹੀਂ ਅਤੇ ਈਮੇਲ ਆਈਡੀ cwcjjbrecuritment@punjab.gov.in 'ਤੇ ਭੇਜ ਸਕਦੇ ਹਨ। ਬਿਨੈ ਪੱਤਰ ਕਰਨ ਦੀ ਅੰਤਿਮ ਮਿਤੀ 17.6. 2025 ਹੈ।

# ਰਾਜ ਸਭਾ ਮੈਂਬਰ ਸੰਤ ਸੀਚੇਵਾਲ ਵੱਲੋਂ ਕਾਲਾ ਸੰਘਿਆ ਡਰੇਨ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਦੇ ਨਿਰਦੇਸ਼

## ਪ੍ਰਦੂਸ਼ਣ ਨੂੰ ਰੋਕਣ ਲਈ ਤਾਲਮੇਲ ਨਾਲ ਕਾਰਵਾਈ, ਸੀਵਰੇਜ ਟਰੀਟਮੈਂਟ ਪਲਾਂਟਾਂ ਦੀ ਨਿਯਮਿਤ ਨਿਗਰਾਨੀ ਅਤੇ ਉਦਯੋਗਿਕ ਜਾਂਚ ਯਕੀਨੀ ਬਣਾਉਣ ਲਈ ਕਿਹਾ

**ਜਲੰਧਰ**

ਰਾਜ ਸਭਾ ਮੈਂਬਰ ਅਤੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਾਲਾ ਸੰਘਿਆ ਡਰੇਨ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਡਰੇਨ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਸਬੰਧੀ ਇੱਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੰਤ ਸੀਚੇਵਾਲ ਨੇ ਨਗਰ ਨਿਗਮ ਜਲੰਧਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਡਰੇਨ ਵਿੱਚ ਸੀਵਰੇਜ ਵੇਸਟ ਦੇ ਸਿੱਧੇ ਪ੍ਰਵਾਹ ਨੂੰ ਰੋਕਣ ਲਈ ਤਾਲਮੇਲ ਵਾਲੀ ਰਣਨੀਤੀ ਅਪਣਾਉਣ ਦੀ ਅਪੀਲ ਕੀਤੀ।



ਰਾਜ ਸਭਾ ਮੈਂਬਰ ਨੇ ਜ਼ੋਰ ਦਿੰਦਿਆਂ ਕਿਹਾ ਕਿ ਡਰੇਨ ਨੂੰ ਪ੍ਰਦੂਸ਼ਿਤ ਕਰਦੇ ਪਾਏ ਜਾਣ 'ਤੇ ਵਿਅਕਤੀਆਂ ਜਾਂ ਉਦਯੋਗਾਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਜਾਣੀ ਚਾਹੀਦੀ ਹੈ ਅਤੇ ਨਾਲ ਹੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਿਯਮਿਤ ਨਿਰੀਖਣ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਜਲੰਧਰ ਨਗਰ ਨਿਗਮ ਅਤੇ ਪੀ.ਪੀ.ਸੀ.ਬੀ. ਨੂੰ ਢੁੱਕਵਾਂ ਸਲੱਜ ਪ੍ਰਬੰਧਨ ਯਕੀਨੀ ਬਣਾਉਣ ਲਈ ਸੀਵਰੇਜ ਟ ?ੀਟਮੈਂਟ ਪਲਾਂਟਾਂ (ਐਸ.ਟੀ.ਪੀਜ਼) ਦੇ ਸੰਚਾਲਨ 'ਤੇ ਨੇੜਿਓਂ ਨਜ਼ਰ ਰੱਖਣ ਦੇ ਨਿਰਦੇਸ਼ ਵੀ ਦਿੱਤੇ ਅਤੇ ਵਾਤਾਵਰਣ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਓਪਰੇਟਰਾਂ ਵਿਰੁੱਧ ਕਾਰਵਾਈ ਦੀ ਚਿਤਾਵਨੀ ਦਿੱਤੀ।

ਉਦਯੋਗਿਕ ਇਕਾਈਆਂ ਦੀ ਸਖ਼ਤ ਨਿਗਰਾਨੀ ਦੀ ਲੋੜ 'ਤੇ ਜ਼ੋਰ ਦਿੰਦਿਆਂ ਸੰਤ ਸੀਚੇਵਾਲ ਨੇ ਅਧਿਕਾਰੀਆਂ ਨੂੰ ਉਦਯੋਗਿਕ ਨਿਕਾਸੀ ਪੁਆਇੰਟਾਂ ਦੀ ਨਿਗਰਾਨੀ ਕਰਨ ਅਤੇ ਪ੍ਰਦੂਸ਼ਣ ਕੰਟਰੋਲ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੇ ਨਿਰਦੇਸ਼ ਦਿੱਤੇ। ਇੱਕ ਮਹੱਤਵਪੂਰਣ ਕਦਮ ਚੁੱਕਦਿਆਂ ਉਨ੍ਹਾਂ ਨੇ ਜਮਸ਼ੇਰ ਡੇਅਰੀ ਕੰਪਲੈਕਸ ਵਿਚ ਵਾਟਰ ਟ ?ੀਟਮੈਂਟ ਪਲਾਂਟ ਚਲਾਉਣ ਲਈ ਵੀ ਕਿਹਾ ਤਾਂ ਜੋ ਡੇਅਰੀਆਂ ਤੋਂ ਸਿਰਫ਼ ਸੋਧਿਆ ਪਾਣੀ ਹੀ ਡਰੇਨ ਵਿੱਚ ਜਾਣ ਨੂੰ ਇਹ ਯਕੀਨੀ ਬਣਾਇਆ ਜਾ ਸਕੇ।

ਇਸ ਤੋਂ ਇਲਾਵਾ, ਰਾਜ ਸਭਾ ਮੈਂਬਰ ਨੇ ਵਰਿਆਣਾ ਵਿਖੇ ਬਾਇਓ-ਮਾਈਨਿੰਗ ਪ੍ਰਾਜੈਕਟ ਦੀ ਪ੍ਰਗਤੀ ਅਤੇ ਜਮਸ਼ੇਰ ਵਿਖੇ ਬਾਇਓਗੈਸ ਪਲਾਂਟ ਦੀ ਤਜਵੀਜ਼ ਦਾ ਜਾਇਜ਼ਾ ਲਿਆ, ਜਿਸਦਾ ਉਦੇਸ਼ ਖੇਤਰ ਦੇ ਵਾਤਾਵਰਣ ਵਿੱਚ ਸੁਧਾਰ ਕਰਨਾ ਹੈ। ਉਨ੍ਹਾਂ ਨੇ ਜਲੰਧਰ ਨਗਰ ਨਿਗਮ ਨੂੰ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਾਣੀ ਦੀ ਸਪਲਾਈ ਕਰਨ ਦੀ ਹਦਾਇਤ ਕੀਤੀ ਕਿਉਂਕਿ ਜ਼ਿਆਦਾ ਪਾਣੀ ਦੀ ਸਪਲਾਈ ਐਸ.ਟੀ.ਪੀਜ਼. ਅਤੇ ਡਰੇਨ ਦੇ ਕੰਮਕਾਜ ਵਿੱਚ ਰੁਕਾਵਟ ਪਾ ਸਕਦੀ ਹੈ।

ਸੰਤ ਸੀਚੇਵਾਲ ਦੇ ਨਿਰਦੇਸ਼ ਜਲੰਧਰ ਵਿੱਚ ਟਿਕਾਊ ਰਹਿੰਦ-ਖੂੰਹਦ ਅਤੇ ਪਾਣੀ ਪ੍ਰਬੰਧਨ ਲਈ ਇੱਕ ਨਵੀਂ ਪਹਿਲ ਨੂੰ ਦਰਸਾਉਂਦੇ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬੁੱਧੀਰਾਜ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਭੋਗਲ ਅਤੇ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦੇ ਮੌਜੂਦ ਸਨ।

# ਵਾਤਾਵਰਨ ਦਿਵਸ

ਕਹਿੰਦੇ ਅੱਜ ਵਿਸ਼ਵ ਵਾਤਾਵਰਨ ਦਿਵਸ ਹੈ। ਮਤਲਬ ਅਸੀਂ ਵਾਤਾਵਰਨ ਨੂੰ ਸੁੱਧ ਰੱਖਣ ਲਈ ਉਪਰਾਲੇ ਕਰਨੇ ਹਨ। ਬਹੁਤੇ ਲੋਕ ਵਾਤਾਵਰਨ ਦੀ ਪ੍ਰੀਭਾਸ਼ਾ ਤੋਂ ਹੀ ਅਣਜਾਣ ਹਨ। ਸ਼ੋਸ਼ਲ ਮੀਡੀਆ ਕਰਕੇ ਬਹੁਤਿਆਂ ਨੂੰ ਅੱਜ ਦੇ ਦਿਨ ਦੀ ਮਹੱਤਤਾ ਬਾਰੇ ਪਤਾ ਲੱਗ ਜਾਂਦਾ ਹੈ। ਪ੍ਰੰਤੂ ਅਸੀਂ ਲੋਕ ਆਪਣਾ ਸਹਿਯੋਗ ਪਾਉਣਾ ਜਰੂਰੀ ਸਮਝਦੇ ਹਾਂ। ਚਾਹੇ ਉਹ ਕਿਸੇ ਵੀ ਰੂਪ ਵਿੱਚ ਹੋਵੇ। ਕੁਝ ਅਦਾਰਿਆਂ ਸੰਸਥਾਵਾਂ ਕੋਲ਼ ਇਸ ਦਿਨ ਲਈ ਵਿਸ਼ੇਸ਼ ਫੰਡ ਹੁੰਦੇ ਹਨ ਜਾਂ ਆਉਂਦੇ ਹਨ। ਫਿਰ ਉਹ ਇਸ ਦਿਨ ਨੂੰ ਮਨਾਕੇ ਉਹਨਾਂ ਫੰਡਾਂ ਨੂੰ ਖਰਚ ਕਰਦੇ ਹਨ।

ਬਹੁਤੇ ਲੋਕ ਇਹ ਸਮਝਦੇ ਹਨ ਕਿ ਵਾਤਾਵਰਨ ਦਿਵਸ ਲਈ ਰੁੱਖ ਪੌਦੇ ਲਾਉਣੇ ਹੀ ਇੱਕ ਮਾਤਰ ਹੱਲ ਹੈ। ਉਹ ਅੱਜ ਦੇ ਦਿਨ ਜਦੋਂ ਭਾਰਤ ਦੇ ਬਹੁਤੇ ਹਿੱਸਿਆਂ ਵਿੱਚ ਤਾਪਮਾਨ 45 ? ਦੇ ਨੇੜੇ ਤੇੜੇ ਹੁੰਦਾ ਹੈ ਉਹ ਪੌਦੇ ਲਾਉਂਦੇ ਹਨ। ਇੰਨੀ ਗਰਮੀ ਵਿੱਚ ਪੌਦੇ ਲਾਉਣਾ ਮੂਰਖਤਾ ਹੈ। ਇਹ ਇਹ ?ਹਨਾਂ ਪੌਦਿਆਂ ਨੂੰ ਕੁੱਖ ਵਿੱਚ ਕਤਲ ਕਰਨ ਦੇ ਬਰਾਬਰ ਹੈ। ਪ੍ਰੰਤੂ ਸਾਨੂੰ ਕੀ ਅਸੀਂ ਤਾਂ ਰੁੱਖ ਲਾਉਂਦਿਆਂ ਦੀਆਂ ਫੋਟੋਆਂ ਸ਼ੋਸ਼ਲ ਮੀਡੀਆ ਤੇ ਪਾਉਣੀਆਂ ਹਨ। ਅਸੀਂ ਰੁੱਖ ਲਗਾਉਂਦੇ ਹੋਏ ਫੋਟੋ ਕਰਵਾਉਣੀ ਹੈ ਭਾਵੇਂ ਰੁੱਖ ਅਗਲੇ ਦਿਨ ਮੱਚ ਜਾਂਵੇ। ਰੁੱਖ ਲਾਉਣ ਵਿੱਚ ਸਾਡੇ ਸਿਆਸੀ ਆਗੂ ਮੂਹਰੇ ਹੁੰਦੇ ਹਨ।

ਫਿਰ ਕੁਝ ਸੰਸਥਾਵਾਂ ਵੱਡੇ ਵੱਡੇ ਸੈਮੀਨਾਰ ਕਰਦੀਆਂ ਹਨ। ਵਿਦਵਾਨ ਵਾਤਾਵਰਨ ਸੁੱਧ ਰੱਖਣ ਲਈ ਭਾਸ਼ਣ ਦਿੰਦੇ ਹਨ। ਉਥੇ ਚਾਹ ਕੌਫ਼ੀ ਅਤੇ ਪਾਣੀ ਲਈ ਪਲਾਸਟਿਕ ਦੇ ਗਿਲਾਸਾਂ ਕੱਪਾਂ ਦਾ ਪ੍ਰਯੋਗ ਹੁੰਦਾ ਹੈ। ਉਹ ਖਾਲੀ ਕੱਪ ਗਿਲਾਸ ਜਮੀਨ ਤੇ ਹੀ ਸੁੱਟ ਦਿੱਤੇ ਜਾਂਦੇ ਹਨ। ਜੋ ਵਾਤਾਵਰਨ ਬਚਾਓ ਦੇ ਪ੍ਰਬੰਧਕਾਂ ਦਾ ਮੂੰਹ ਚਿੜਾਉਂਦੇ ਹਨ।

ਕਈ ਵਾਤਾਵਰਨ ਦਿਵਸ ਦੇ ਨਾਮ ਤੇ ਪੇਮਫਲਿਟ ਇਸ਼ਤਿਹਾਰ ਵੰਡਦੇ ਹਨ ਕੰਧਾਂ ਤੇ ਚਿਪਕਾਉਂਦੇ ਹੋਏ ਇਹ ਸੋਚਦੇ ਹਨ ਕਿ ਅਸੀਂ ਵਾਤਾਵਰਨ ਬਚਾਉਣ ਲਈ ਆਪਣਾ ਯੋਗਦਾਨ ਪਾ ਰਹੇ ਹਾਂ। ਇਸ ਮਾਮਲੇ ਵਿੱਚ ਸ਼ੋਸ਼ਲ ਮੀਡੀਆ ਤੇ ਕਚਰਾ ਖਿਲਾਰਨ ਵਾਲ਼ੇ ਵੀ ਪਿੱਛੇ ਨਹੀਂ ਰਹਿੰਦੇ। ਉਹ ਕਾਪੀ ਪੇਸਟ ਦਾ ਪ੍ਰਯੋਗ ਕਰਕੇ ਵਾਤਾਵਰਨ ਨੂੰ ਹੋਰ ਗੰਦਲਾ ਕਰਦੇ ਹਨ। ਕੁਝ ਆਪਣੇ ਤਰੀਕਿਆਂ ਨਾਲ ਆਵਾਜ਼ ਪ੍ਰਦੂਸ਼ਣ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਹਨ ਅਤੇ ਵਾਤਾਵਰਨ ਦਿਵਸ ਦਾ ਢਿੰਡੋਰਾ ਪਿੱਟਦੇ ਹਨ। ਬਹੁਤੇ ਲੋਕ ਆਪਣੇ ਰੀਤੀ ਰਿਵਾਜਾਂ ਅਤੇ ਧਾਰਮਿਕ ਸ਼ਰਧਾ ਦੀ ਪੂਰਤੀ ਲਈ ਚਲਦੇ ਪਾਣੀ ਨੂੰ ਦੂਸ਼ਿਤ ਕਰਦੇ ਹਨ ਅਤੇ ਧਾਰਮਿਕ ਹੋਣ ਦਾ ਦਿਖਾਵਾ ਕਰਦੇ ਹਨ। ਪ੍ਰੰਤੂ ਉਹ ਇਹ ਭੁੱਲ ਜਾਂਦੇ ਹਨ ਕਿ ਇਸ ਤਰਾਂ ਕਰਕੇ ਉਹ ਆਪਣੇ ਜਲ ਦੇ ਸਰੋਤਾਂ ਨਦੀ ਨਾਲਿਆਂ ਨਹਿਰਾਂ ਅਤੇ ਦਰਿਆਵਾਂ ਨੂੰ ਦੂਸ਼ਿਤ ਕਰ ਰਹੇ ਹਨ। ਅਸੀਂ ਸਾਡੀਆਂ ਪਵਿੱਤਰ ਨਦੀਆਂ ਗੰਗਾ ਜਮੁਨਾ ਨੂੰ ਨਹੀਂ ਬਖਸ਼ਿਆ। ਗੰਗਾ ਵੀ ਮੈਲੀ ਹੋ ਗਈ। ਸਾਡੇ ਮੂਹਰੇ ਤਾਲਾਬ ਅਤੇ ਖੂਹ ਟੋਬੇ ਕੀ ਹਨ ਅਸੀਂ ਤਾਂ ਸਮੁੰਦਰ ਨੂੰ ਵੀ ਦੂਸ਼ਿਤ ਕਰ ਦਿੱਤਾ। ਪਾਣੀ ਨੂੰ ਦੂਸ਼ਿਤ ਕਰਕੇ ਅਸੀਂ ਪਾਣੀ ਵਾਲੇ ਹਜ਼ਾਰਾਂ ਜੀਵਾਂ ਦਾ ਜਿਉਣਾ ਮੁਹਾਲ ਕਰ ਦਿੱਤਾ ਅਸੀਂ ਜੰਗਲ ਕਟਕੇ ਜੰਗਲੀ ਜੀਵਾਂ ਨੂੰ ਵੀ ਜੰਗਲ ਛੱਡਣ ਲਈ ਮਜਬੂਰ ਕੀਤਾ। ਹਵਾ ਨੂੰ ਦੂਸ਼ਿਤ ਕਰਕੇ ਇਨਸਾਨ ਅਤੇ ਦੂਸਰੇ ਪ੍ਰਾਣੀਆਂ ਨੂੰ ਵੀ ਮੌਤ ਦੇ ਕਰੀਬ ਕਰ ਦਿੱਤਾ।

ਵਾਤਾਵਰਨ ਬਚਾਓ ਦਿਵਸ ਮਨਾਉਣ ਦੀ ਕੋਈਂ ਜਰੂਰਤ ਨਹੀਂ ਸਿਰਫ ਸਾਨੂੰ ਖੁਦ ਨੂੰ ਸੁਚੇਤ ਹੋਣ ਦੀ ਲੋੜ ਹੈ। ਜੇ ਹਰ ਇਨਸਾਨ ਵਾਤਾਵਰਨ ਲਈ ਸੰਜੀਦਾ ਹੋ ਜਾਵੇ ਤਾਂ ਮੇਰੇ ਵਰਗੇ ਨੂੰ ਵੀ ਕੁੱਝ ਲਿਖਣ ਦੀ ਲੋੜ ਨਹੀਂ ਪੈਣੀ।

**ਰਮੇਸ਼ ਸੇਠੀ ਬਾਦਲ**

# ਇਉਂ ਜਾਪਿਆ ਜਿਵੇਂ ਨਵਾਬ ਕਪੂਰ ਸਿੰਘ ਗੜਗੱਜ ਬਣ ਖੜਾ ਹੋਵੇ

**ਨਾਕ ਕਟੀ ਨਿਰਲਾਜ ਨਿਸਾਚਰ**
**ਨਾਹ ਨਿਪਾਤਤ ਨੇਹੁ ਨ ਮਾਨਯੋ ॥???॥**

ਫੇਸਬੁੱਕੀ ਵਿਦਵਾਨ ਜਿਹਨਾਂ ਬਹੁਤ ਯਤਨ ਕੀਤਾ ਕਿ ਅੱਜ ਸ੍ਰੀ ਅਕਾਲ ਤਖਤ ਸਾਹਿਬ ਤੇ ਹਰ ਹੀਲੇ ਇਕ ਦੂਜੇ ਦੀਆਂ ਪੱਗਾਂ ਲਾਹ ਕੇ ਜਲੂਸ ਕੱਢਿਆ ਜਾਵੇ। ਪਰ ਸਦਕੇ ਭਾਈ ਹਰਜਿੰਦਰ ਸਿੰਘ ਧਾਮੀ ਤੇ ਭਾਈ ਕੁਲਦੀਪ ਸਿੰਘ ਗੱੜਗੱਜ ਜੀ ਦੇ ਜਿਹਨਾਂ ਦੀ ਸੂਝ ਬੂਝ ਕਾਰਨ ਕੋਈ ਵੀ ਅਣਹੋਣੀ ਘਟਨਾ ਹੋਣੋ ਟੱਲਗੀ।

ਹਕੂਮਤ ਨੇ ਭਾਈ ਸੁੱਖਾ ਸਿੰਘ ਕੋਤਵਾਲ ਹੱਥ ਨਵਾਬੀ ਭੇਜੀ ਸਿੰਘਾਂ ਠੁਕਰਾ ਤੀ! ਪਰ ਭਾਈ ਸੁੱਖਾ ਸਿੰਘ ਕੋਤਵਾਲ ਦੀਆਂ ਦਲੀਲਾਂ ਸਾਹਮਣੇ ਪੰਥ ਦੀ ਵਾਹ ਨਾ ਗਈ, ਜਥੇਦਾਰਾਂ ਮਾਰੀ ਵਾਜ ਕਪੂਰ ਸਿੰਘ ਨੂੰ ਕਹਿੰਦੇ ਲੈ ਭਾਈ ਅੱਜ ਤੋਂ ਤੂੰ ਸਾਡਾ ਨਵਾਬ, ਦੋਵੇਂ ਹੱਥ ਜੋੜ ਕਪੂਰ ਸਿੰਘ ਬੇਨਤੀ ਕੀਤੀ ਖਾਲਸਾ ਜੀ! ਨਵਾਬੀ ਦੀ ਥਾਂ ਚਾਹੇ ਕੱਲ੍ਹ ਨੂੰ ਬਾਦਸ਼ਾਹ ਵੀ ਬਣਾ ਦਿਓ ਪਰ ਇਕ ਚੀਜ ਜੇ ਨਾ ਖੋਹਣ ਦਾ ਵਾਅਦਾ ਕਰਦੇ ਹੋ ਤਾਂ ਕਪੂਰ ਸਿੰਘ ਨਵਾਬੀ ਝੋਲੀ ਪਵਾ ਲੈਂਦਾ ਹੈ। ਜਥੇਦਾਰ ਸਾਹਿਬ ਕਹਿੰਦੇ ਕਹਿ ਕਪੂਰ ਸਿੰਹਾਂ ਪੰਥ ਹਿਤ ਹੋਇਆ ਤਾਂ ਵਾਅਦਾ ਰਿਹਾ ਵਸਤੂ ਵਾਪਿਸ ਨਹੀਂ ਲਈ ਜਾਵੇਗੀ। ਕਪੂਰ ਸਿੰਘ ਬੋਲਿਆ! ਜੋ ਕਾਰਜ ਪਹਿਲਾਂ ਕਰਦਾ ਸੀ ਘੋੜਿਆਂ ਦੀ ਲਿੱਧ ਚੁੱਕਣਾ, ਸੰਗਤ ਨੂੰ ਪੱਖਾ ਝੱਲਣਾ ਇਹ ਸੇਵਾ ਪਹਿਲਾਂ ਦੀ ਤਰ੍ਹਾਂ ਨਿਰੰਤਰ ਚਲੇਗੀ,ਇਸ ਨਾਲ ਜੇ ਤੁਹਾਡੇ ਨਵਾਬੀ ਵਾਲੇ ਕਾਰਜਾਂ ਚ ਵਿਘਨ ਪਵੇ ਤਾਂ ਕਪੂਰ ਸਿੰਘ ਅੱਜ ਹੀ ਦੋਵੇਂ ਹੱਥ ਜੋੜ ਮਾਫੀ ਜਾਚਨਾ ਅਰਜ ਕਰਦਾ ਫਿਰ ਕੱਲ੍ਹ ਨੂੰ ਉਲਾਂਭੇ ਨਾ ਦੇਣਾ ਕਿ ਕਪੂਰ ਸਿੰਘ ਚ ਕਾਬਲੀਅਤ ਨਹੀਂ ਸੀ ਗਲਤ ਹੱਥ ਨਵਾਬੀ ਫੜਾਤੀ! ਅਜ ਹੀ ਪੂਰਨ ਵਿਚਾਰ ਮਗਰੋਂ ਜੋ ਪੰਥ ਦਾ ਫੈਸਲਾ ਹੋਵੇਗਾ ਦਾਸ ਦੀ ਝੋਲੀ ਪਾ ਦਿਓ। ਸਭ ਜਥੇਦਾਰ ਬਹੁਤ ਖੁਸ਼ ਹੋਏ ਕਹਿੰਦੇ ਕਪੂਰ ਸਿੰਘ ਤੋਂ ਕਾਬਿਲ ਸਿੰਘ ਕੋਈ ਹੋ ਹੀ ਨਹੀਂ ਸਕਦਾ ਤੇਰੀ ਮੰਗ ਵਰਗੀ ਮੰਗ ਜੇ ਪੰਥ ਦਾ ਹਰੇਕ ਜਥੇਦਾਰ ਲੋਚੇ ਤਾਂ ਖਾਲਸਾ ਰਾਜ ਦੂਰ ਨਹੀਂ। ਤੇ ਪੰਥ ਨੇ ਕਪੂਰ ਸਿੰਘ ਦੀ ਝੋਲੀ ਨਵਾਬੀ ਪਾ ਕੇ, ਨਵਾਬ ਕਪੂਰ ਸਿੰਘ ਬਣਾ ਤਾ।



ਜੇ ਅੱਜ ਵਾਲਾ ਸਾਰਾ ਘਟਨਾਕ੍ਰਮ ਦੇਖੀਏ ਤਾਂ ਇਉਂ ਜਾਪਦਾ ਕਪੂਰ ਸਿੰਘ ਵਾਪਿਸ ਆ ਗਿਆ ਪਰ ਇਸ ਵਾਰ ਨਵਾਬੀ ਕੌਮ ਦੇ ਜਥੇਦਾਰਾਂ ਨਹੀਂ ਬਲਕਿ ਕਾਬਜ ਧਿਰ ਦੇ ਨਕਾਰੇ ਹੋਏ ਲੀਡਰਾਂ ਬਖਸ਼ਿਸ ਕੀਤੀ, ਕਿਉਂ ਜੁ ਪਿਛਲੇ ਜਥੇਦਾਰਾਂ ਨੂੰ ਬੇਇੱਜਤ ਕਰਕੇ ਲਾਹੁਣ ਤੋਂ ਬਾਅਦ ਇਹ ਨਵਾਬੀ ਲੈਣ ਦਾ ਕੋਈ ਹੀਆ ਨਹੀਂ ਕਰ ਰਿਹਾ ਸੀ। ਪਰ ਕੀ ਹੁਣ ਅਹੁਦਾ ਖਾਲੀ ਛੱਡ ਕੇ! ਹਕੂਮਤ ਅਗੇ ਇਹ ਸਿੱਧ ਕੀਤਾ ਜਾਏ ਕਿ ਕੌਮ ਕੋਲ ਇਤਨੀ ਸਮਰੱਥਾ ਨਹੀਂ ਇਹ ਲੋਕ ਬੌਧਿਕ ਹੀਣ ਹੋ ਗਏ, ਇਕ ਜਥੇਦਾਰ ਵੀ ਨਹੀਂ ਪੂਰੀ ਕੌਮ ਕੋਲ ? ਕਾਗਜੀ ਜਥੇਦਾਰ ਬਣਨਾ ਕਬੂਲ ਲਿਆ ਪਰ ਨਾਲ ਹੀ ਗੜਗੱਜ ਨਕਾਰੇ ਲੀਡਰਾਂ ਨੂੰ ਇਉਂ ਆਂਹਦਾ ਜਾਪਿਆ ਜਥੇਦਾਰੀ ਦੇ ਦਿਉ ਪਰ ਜਿਹੜੇ ਕੰਮ ਮੈਂ ਧਰਮ ਪ੍ਰਚਾਰ ਦੇ ਪਹਿਲਾਂ ਕਰਦਾਂ ਸੀ ਉਹ ਕਰਨ ਤੋਂ ਨਾ ਰੋਕਿਓ ਚਾਹੇ ਤੁਹਾਡੀ ਦਿੱਤੀ ਜਥੇਦਾਰੀ ਦੇ ਕੰਮ ਚ ਵਿਘਨ ਪਏ। "ਮਰਦਾ ਕੀ ਨਾ ਕਰਦਾ" ਮੰਗ ਮੰਨ ਕੇ ਅਗਲਿਆਂ ਰਾਤ ਦੇ ਹਨੇਰੇ ਲੁੱਕ ਛਿਪ ਕੇ ਜਥੇਦਾਰੀ ਦੇ ਤੀ। ਹੁਣ ਟਕਸਾਲਾਂ, ਸੰਪਰਦਾਵਾਂ, ਦਲ ਪੰਥ ਕਹਿੰਦੇ ਭਾਈ ਗੜਗੱਜ ਨਾਲ ਸਾਡਾ ਵਿਰੋਧ ਨਹੀਂ ਵਿਰੋਧ ਹੈ ਜਥੇਦਾਰ ਥਾਪਣ ਵਾਲੀ ਵਿਧੀ ਦਾ ਇਹ ਗੱਲ ਅੱਜ ਵਾਲਾ ਕਪੂਰ ਸਿੰਘ ਜਾਣ ਗਿਆ ਲੱਗਦਾ ਸੀ। ਹਮੇਸ਼ ਜਦੋਂ ਪੱਤਰਕਾਰ ਤਿੱਖਾ ਸਵਾਲ ਕਰਦੇ ਕਿ ਟਕਸਾਲਾਂ ਤੁਹਾਡਾ ਵਿਰੋਧ ਕਰਦੀਆਂ ਕੀ ਕਹਿਣਾ ਚਾਹੋਗੇ ਅੱਗਿਓਂ ਮਾਝੀ ਬੋਲੀ ਚ ਆਂਹਦਾ ਭਾਊ ਫਿਰ ਕੀ ਆ ਸਾਡੇ ਆਪਣੇ ਆ ਮੇਰੀ ਕਿਸੇ ਨਾਲ ਕੋਈ ਈਰਖਾ ਨਹੀਂ ਸਭ ਦਾ ਸਤਿਕਾਰ ਹੈ। ਜਿਸ ਤਰ੍ਹਾਂ ਕਹਿਣਗੇ ਕਰਾਂਗਾ। ਨਾਲੇ ਮੈਂ ਤੇ ਇਹ ਕੁਝ ਕਰਨ ਹੀ ਨਹੀਂ ਆਇਆ ਮੇਰਾ ਤੇ ਪਹਿਲਾ ਕਰਮ ਹੀ ਧਰਮ ਪ੍ਰਚਾਰ ਕਰਨਾ, ਉਹ ਮੈਂ ਕਰੀ ਜਾਨਾਂ, ਉਸ ਗੱਲੋਂ ਕੋਈ ਜਥੇਬੰਦੀ ਰੋਕ ਵੀ ਨਹੀਂ ਰਹੀ। ਇਕ ਗੱਲ ਇਹ ਵੀ ਗੌਰ ਏ ਕਾਬਿਲ ਹੈ ਜੇ ਭਾਈ ਕੁਲਦੀਪ ਸਿੰਘ ਗੜਗੱਜ ਸਰਨੇ ਪਰਨੇ ਹੁਰਾਂ ਵਾਲੀ ਵਿਚਾਰਧਾਰਾ ਤੇ ਚੱਲਦਾ ਤਾਂ ਹੁਣ ਤੱਕ ਕਈ ਵਾਰ ਪੰਥਕ ਟਕਰਾਅ ਹੋਣੇ ਸਨ। ਪਰ ਸਮਝਦਾਰੀ ਦੀ ਮੂਰਤ ਗੜਗੱਜ ਜਿਵੇਂ ਮਨ ਹੀ ਮਨ ਆਂਹਦਾ ਹੋਵੇ ਜੇ ਪੰਥ ਅੱਜ ਨਾਜ਼ੁਕ ਹਾਲਾਤਾਂ ਚ ਗੁਜਰ ਰਿਹਾ ਤਾਂ ਮੈਂ ਕਿਉਂ ਇਹਨਾਂ ਦੀ ਕੁਹਾੜੀ ਦਾ ਦਸਤਾ ਬਣਾ।

ਜਥੇਬੰਦੀਆਂ ਆਂਹਦੀਆਂ ਆਦੇਸ਼ ਨਹੀਂ ਦੇਣ ਦੇਣਾ ਭਾਊ ਗੜਗੱਜ ਆਂਹਦਾ ਕੋਈ ਨਾ ਤੁਹਾਡਾ ਵਿਰੋਧ ਕਿਹੜਾ ਮੇਰੇ ਨਾਲ ਇਹ ਤੇ ਥਾਪਣ ਵਾਲਿਆਂ ਨਾਲ ਹੈ ਕਿ ਉਹ ਆਪਣੀ ਮਨਮਰਜੀ ਨਾਲ ਜਿਸ ਤਰ੍ਹਾਂ ਚਾਹੇ ਕਰੀ ਜਾਣ ਜੇ ਮੈਂ ਆਦੇਸ਼ ਦੇ ਗਿਆ ਤਾਂ ਦਸਤੇ ਚ ਗਿਣਤੀ ਹੋ ਜਾਣੀ ਪਰ ਇਸ ਵਾਰ ਨਹੀਂ ਹੋਣ ਦਿੰਦੇ।

ਜੇ ਮੈਂ ਸੰਦੇਸ਼ ਨਹੀਂ ਦਿੰਦਾ ਪਿਆਰ ਭਾਵਨਾ ਬਣੀ ਰਹਿੰਦੀ ਤਾਂ ਚੜ੍ਹਦੀ ਕਲਾ! ਬੜੇ ਵਿਸ਼ਾਲ ਹਿਰਦੇ ਪੰਥ ਦਾ ਫੈਸਲਾ ਪ੍ਰਵਾਨ ਕੀਤਾ ਪਰ ਉਥੇ ਹਰ ਸਾਲ ਅਕਾਲ ਤਖਤ ਸਾਹਿਬ ਆ ਕੇ ਹੁਲੜ ਬਾਜੀ ਕਰਨ ਵਾਲੇ ਇਕ ਦੂਜੇ ਦੀਆਂ ਪੱਗਾਂ ਲਾਉਣ ਵਾਲੇ ਜਦ ਇਸ ਵਾਰ ਕਾਮਯਾਬ ਨਹੀਂ ਹੋਏ ਤਾਂ ਕੈਮਰਿਆਂ ਅੱਗੇ ਗੱੜਗੱਜ ਨੂੰ ਲੱਗੇ ਦੇਣ ਮੱਤਾਂ ਇਕ ਆਂਹਦਾ ਜਥੇਦਾਰ ਬਣਨ ਦਾ ਈ ਸ਼ੌਂਕ ਸੀ ਜੇ ਵਾਕਿਆ ਜਥੇਦਾਰ ਸੀ ਤਾਂ ਫਿਰ ਸਿਰ ਲੱਥਦਾ ਤੇ ਲੱਥਣ ਦਿੰਦਾ ਪੜਦਾ ਸ਼ੰਦੇਸ਼! ਪਹਿਲਾਂ ਇਹਨਾਂ ਪੱਗਾਂ ਵਿਚਲੇ ਗੰਡੋਇਆਂ ਨੂੰ ਪੁੱਛੋ ਜੋ ਹਮੇਸ਼ਾ ਹਕੂਮਤ ਦੇ ਜਾਲ ਵਿਚ ਚੁਣ ਚੁਣ ਕੇ ਪੰਥ ਦੀ ਨੌਜਵਾਨੀ ਫਸਾ ਕੇ ਮਰਵਾਉਂਦੇ ਹਨ। ਲੜਾਈ ਤੁਸੀਂ ਖਾਲਸਤਾਨ ਲਈ ਲੜ ਰਹੇ

**ਸੁਰਜੀਤ ਸਿੰਘ ਜਰਮਨੀ (ਡਾ.)**

ਹੋ ਜਾਂ ਗੜਗੱਜ ਦੇ ਸਿਰ ਲਾਉਣ ਦੀ? ਮੁੱਕਦੀ ਗੱਲ ਕਿ ਜੇ ਅੱਜ ਵਾਲਾ ਕਪੂਰ ਸਿੰਘ ਪੰਥ ਦੇ ਫੈਸਲੇ ਦੇ ਉਲਟ ਜਾਂਦਾ ਤਾਂ ਕਹਿਣਾ ਸੀ ਨਵਾਬੀ ਦਾ ਨਸ਼ਾ ਇਹਨੂੰ ਹਕੂਮਤ ਦੀ ਬੋਲੀ ਬੋਲਦਾ ਜੇ ਨਹੀਂ ਨਹੀਂ ਗਿਆ ਤਾਂ ਜੁਰਤ ਹੈਨੀ।

ਫੋਕੀਆਂ ਜੁਰਤਾਂ ਸਾਂਭੋਂ ਤੁਸੀਂ ਕਪੂਰ ਸਿੰਘ ਤੇ ਹਲੇਮੀ ਵਾਲਾ ਪੰਥ ਦਾ ਸੇਵਾਦਾਰ ਚਾਹੀਦਾ ਪਰ ਜਦ ਹਕੂਮਤ ਨੂੰ ਵਗਾਂਰਨ ਦੀ ਗੱਲ ਆਉਂਦੀ ਤਾਂ ਗੱੜਗੱਜ ਦੇ ਅੰਦਰ ਮਾਨੋ ਚੰਡੀ ਵਾਸ ਕਰ ਗਈ ਹੋਵੇ।

ਸਾਰੀਆਂ ਜਥੇਬੰਦੀਆਂ ਨੂੰ ਮੁਬਾਰਕ ਜਿਹਨਾਂ ਨੇ ਕਾਬਿਜ ਧਿਰ ਦੇ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਤੇ ਢੇਰ ਸਾਰਾ ਸਤਿਕਾਰ ਭਾਊ ਗੜਗੱਜ ਜੀ ਤੁਹਾਡਾ ਜਿਹਨਾਂ ਨੇ ਦਸਤੇ ਦਾ ਨਹੀਂ ਪੰਥ ਦੇ ਸੇਵਾਦਾਰ ਹੋਣ ਦਾ ਸਬੂਤ ਦਿੱਤਾ। ਨਾਲੇ ਧਾਮੀ ਸਾਬ ਦਾ ਜਿਹਨਾਂ ਦੀ ਦੂਰ ਅੰਦੇਸ਼ ਸੋਚ ਨਾਲ ?? ਵਾਂ ਸ਼ਹੀਦੀ ਸਮਾਗਮ ਇਤਨੀ ਪਿਆਰ ਭਾਵਨਾ ਨਾਲ ਹੋ ਨਿਬੜਿਆ। ਉਥੇ ਹੀ ਲੱਖ ਦੀ ਲਾਹਨਤ ਉਹਨਾਂ ਫੇਸਬੁਕੀ ਤੇ ਆਪੂੰ ਬਣੇ ਵਿਦਵਾਨਾਂ ਤੇ ਜਿਹਨਾਂ ਹਮੇਸ਼ਾਂ ਪੰਥ ਅੰਦਰ ਟਕਰਾਅ ਹੋਣ ਨੂੰ ਤਰਜੀਹ ਦਿੱਤੀ। ਇਹ ਸਿਰਫ ਫੇਸਬੁਕਾਂ ਤੇ ਜਾਂ ਵੈੱਬ ਚੈਨਲਾਂ ਤੇ ਭੌਂਕਣ ਵਾਲੇ ਕੀ ਜਾਨਣ ਕੀ ਇਕ ਅਹੁੱਦੇ ਦੀ ਮਰਿਆਦਾ ਕੀ ਹੁੰਦੀ। ਭਾਈ ਕੁਲਦੀਪ ਸਿੰਘ ਗੜਗੱਜ ਜੀ ਨੇ ਸਾਬਿਤ ਕਰਤਾ ਕਿ ਉਹ ਪੰਥ ਦੇ ਸੇਵਾਦਾਰ ਹਨ।

ਜਿਹੜੇ ਟਕਰਾਅ ਕਰਵਾਉਣ ਲਈ ਕਈ ਦਿਨਾਂ ਦੀਆਂ ਬਿਆਨ ਬਾਜੀਆਂ ਕਰ ਰਹੇ ਸਨ। ਉਹਨਾਂ ਬਾਬਤ ਦਸ਼ਮੇਸ਼ ਪਿਤਾ ਜੀ ਲਿਖਦੇ ਹਨ।

"ਭਰਮ ਗਯੋ ਉਡ ਕਰਮ ਕਰਯੋ ਘਟ
ਧਰਮ ਕੋ ਤਿਆਗਿ ਅਧਰਮ ਪ੍ਰਮਾਨਯੋ ॥
ਨਾਕ ਕਟੀ ਨਿਰਲਾਜ ਨਿਸਾਚਰ
ਨਾਹ ਨਿਪਾਤਤ ਨੇਹੁ ਨ ਮਾਨਯੋ ॥???॥"

ਹੁਣ ਇਹ ਨੱਕ ਵਢਾ ਕੇ ਵੀ ਆਪਣੇ ਗਿਰਿਬਾਨ ਅੰਦਰ ਝਾਕਣ ਦੀ ਬਜਾਏ ਅੱਜ ਵਾਲੇ ਨਵਾਬ ਕਪੂਰ ਸਿੰਘ (ਭਾਈ ਕੁਲਦੀਪ ਸਿੰਘ ਗੜਗੱਜ) ਨੂੰ ਦੋਸ਼ੀ ਠਹਿਰਾ ਰਹੇ ਹਨ ਤੇ ਮੱਤਾਂ ਦੇਣ ਤੇ ਲੱਗ ਗਏ।

# ਦੁਸ਼ਮਣ ਐਲਾਨ ਕੇ ਦਰਬਾਰ ਸਾਹਿਬ ਤੇ ਹਮਲਾ ਹੋਇਆ

ਤ੍ਰਿਲੋਚਨ ਸਿੰਘ ਇੱਕ ਇੰਟਰਵਿਊ ਚ ਆਖਦਾ ਕੇ ਜਦੋਂ ? ਤਰੀਕ ਨੂੰ ਜੈਲ ਸਿੰਘ ਦਰਬਾਰ ਸਾਹਿਬ ਮੱਥਾ ਟੇਕਣ ਗਿਆ ਤਾਂ ਕੀ ਦੇਖਦਾ ਕਿ ਦਰਬਾਰ ਸਾਹਿਬ ਦੇ ਬਾਹਰ ਪੂਰੇ ਦਰਬਾਰ ਸਾਹਿਬ ਕੰਪਲੈਕਸ ਨੂੰ ਦੁਸ਼ਮਣ ਇਲਾਕਾ ਐਲਾਨਿਆ ਇੱਕ ਬੋਰਡ ਲੱਗਾ ਹੋਇਆ ਸੀ। ਜੋ ਆ ਕੇ ਜੈਲ ਸਿੰਘ ਨੇ ਲੁਹਾਇਆ। ਹੁਣ ਸਵਾਲ ਇਹ ਬਣਦਾ ਕਿ ਦੁਸ਼ਮਣ ਐਲਾਨ ਕੇ ਕੀਤੀ ਕਾਰਵਾਈ ਇਕ ਬੋਰਡ ਹਟਾਉਣ ਤੋਂ ਬਾਅਦ ਮਨਫੀ ਹੋ ਜਾਂਦੀ?

ਜਿਸ ਤਰ੍ਹਾਂ ਦਾ ਮੌਤ ਦਾ ਨੰਗਾ ਨਾਚ ਫੌਜ ਨੇ ਉਥੇ ਕੀਤਾ ਉਹ ਤਾਂ ਕਿਸੇ ਵੀ ਮੁਲਕ ਦੀ ਫੌਜ ਆਪਣੇ ਦੁਸ਼ਮਣ ਨਾਲ ਕਦੇ ਵੀ ਨਹੀਂ ਕਰਦੀ। ?? ਮਹੀਨੇ ਦੇ ਬੱਚੇ ਤੋਂ ਲੈ ਕੇ ?? ਸਾਲਾਂ ਤੋਂ ਉਪਰ ਦੇ ਬਜੁਰਗ ਫੌਜ ਨੇ ਨਿਹੱਥੇ ਹੀ ਜਿਹਨਾਂ ਦਾ ਇਸ ਜੰਗ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਸੀ ਬਹੁਤ ਬੇਰਹਿਮੀ ਨਾਲ ਬਿਨ੍ਹਾਂ ਪਾਣੀਓ ਪਿਆਸੇ, ਭੁੱਖੇ ਤੜਫਾ,ਤੜਫਾ ਕੇ ਮਾਰੇ।

ਸਿੱਖ ਘੱਲੂਘਾਰਿਆਂ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਦੇ ਹਨ, ਸਦੀਆਂ ਪਹਿਲਾਂ ਆਏ ਮੱਸੇ ਤੇ ਅਬਦਾਲੀ ਨੂੰ ਨਹੀਂ ਭੁੱਲੇ ਫਿਰ ਇੰਦਰਾ, ਵੈਦਿਆ ਸਮੇਤ ਸਾਰੇ ਉਹਨਾਂ ਮਦਰਾਸੀਆਂ ਨੂੰ ਵੀ ਨਹੀਂ ਭੁਲਣਗੇ ਜਿਹਨਾਂ ਦਾ ਜਿਕਰ ਤਰਲੋਚਨ ਸਿੰਘ ਕਰਦਾ ਕਿ ਉਥੇ ਇਕ ਸਿੱਖ ਸਹਿਕ ਰਿਹਾ ਸੀ। ਇਕ ਮਦਰਾਸੀ ਫੌਜੀ ਨੇ ਹਿੱਕ ਚ ਗੋਲੀ ਮਾਰ ਲਾਸ਼ ਨੂੰ ਸਰੋਵਰ ਚ ਸੁੱਟ ਦਿੱਤਾ।

ਲੜਾਈ ਤੁਹਾਡੀ ਮਰਜੀਵੜਿਆਂ ਨਾਲ ਸੀ। ਉਹਨਾਂ ਤੁਹਾਨੂੰ ਲੋਹੇ ਦੇ ਚਣੇ ਚਬਾਏ, ਕੀ ਇਹ ਮੰਨ ਲਿਆ ਜਾਏ ਕਿ ਉਹਨਾਂ ਦੇ ਚਬਾਏ ਹੋਏ ਲੋਹੇ ਦੇ ਚਣਿਆ ਦਾ ਬਦਲਾ ਤੁਸੀਂ ਆਮ ਸੰਗਤ ਨੂੰ ਮਾਰ ਕੇ ਲਿਆ? ਪਹਿਲਾਂ ਤੁਸੀਂ ਅਖੀਰ ਤੱਕ ਇਹੀ ਆਂਹਦੇ ਰਹੇ ਜੀ ਕੋਈ ਵੀ ਹਮਲਾ ਨਹੀਂ ਕਰਨਾ ਤੇ ਅਖੀਰ ਬੁੱਜਦਿਲਾਂ ਵਾਂਗ ਹਮਲਾ ਵੀ ਕਰਤਾ, ਜੇ ਮਰਦਾਂ ਵਾਂਗ ਮੁਕਾਬਲਾ ਚਾਹੁੰਦੇ ਤਾਂ ਪੂਰੇ ਪੰਜਾਬ ਨੂੰ ਦੱਸ ਕੇ



ਆਉਂਦੇ ਕਿ ਅਸੀਂ ਤੁਹਾਡੇ ਘਰ ਨੂੰ (Enemy territory) ਐਲਾਨ ਤਾਂ! ਉਦੋਂ ਤੇ ਪੰਜਾਬੀਆਂ ਕੋਲੋਂ ਛਬੀਲਾਂ ਪੀਦੇਂ ਪਰਸ਼ਾਦੇ ਛਕਦੇ ਆਏ।

ਪਹਿਲੇ ਕੁਝ ਵਰ੍ਹੇ ਬਹੁਤ ਕੁਝ ਲੁਕਾਇਆ ਗਿਆ ਪਰ ਹੁਣ

**ਸੁਰਜੀਤ ਸਿੰਘ ਜਰਮਨੀ (ਡਾ.)**

ਜਿਉਂ ਜਿਉਂ ਸਮਾਂ ਬੀਤਦਾ ਜਾਂਦਾ "ਸਚਹੁ ਉਰੈ ਸਭ ਕੋ ਉਪਰ ਸਚਿ ਆਚਾਰੁ॥?॥" ਰੋਜ ਨਵਾਂ ਸੱਚ ਲੋਕਾਂ ਸਾਹਮਣੇ ਆ ਰਿਹਾ। ਜਿਸ ਤੋਂ ਪਤਾ ਚੱਲਦਾ ਕਿ ਜਿਹੜੇ "ਸੂਰਬੀਰ ਬਚਨ ਕੇ ਬਲੀ" ਅੰਦਰ ਲੜ ਰਹੇ ਸਨ ਜਿਸ ਖਾਤਿਰ ਉਹ ਲੜ ਰਹੇ ਸਨ ਉਹ ਗੱਲ ??? ਆਨੇ ਸੱਚ ਸੀ। ਤੇ ਜਿਹੜੇ ਮੂਰਖ ਉਸ ਜੰਗ ਨੂੰ ਸਿਰਫ ਸੰਤ ਭਿੰਡਰਾਂਵਾਲਿਆਂ ਨਾਲ ਜੋੜਕੇ ਦੇਖਦੇ ਨੇ ਉਹਨਾਂ ਨੂੰ ਵੀ ਇਹ ਸਹੀ ਤੱਥ ਪੜਕੇ ਇਹ ਜਾਣ ਲੈਣਾ ਚਾਹੀਦਾ ਕਿ ਉਹ ਜੰਗ ਸਿਰਫ ਸੰਤ ਭਿੰਡਰਾਂਵਾਲਿਆ ਦੇ ਖਿਲਾਫ ਨਹੀਂ ਬਲਕਿ ਪੂਰੀ ਕੌਮ ਦੇ ਨਾਲ ਸੀ। ਜੇ ਭਿੰਡਰਾਂਵਾਲਾ ਸੰਤ ਸਿਪਾਹੀ ਅੱਜ ਦੇ ਦਿਨ ?? ਸਾਲ ਪਹਿਲਾਂ ਆਪਣੇ ਨਾਲ ਦੇ ਸਾਥੀਆਂ ਨਾਲ ਮੈਦਾਨੇ ਜੰਗ ਅੰਦਰ ਜੂਝ ਕੇ ਸ਼ਹੀਦੀ ਨਾ ਦੇਂਦਾ ਤਾਂ ਤਕਰੀਬਨ ਹੁਣ ਤੱਕ ਇਹ ਧਰਮ ਵੀ ਬਾਕੀ ਭਾਰਤੀ ਧਰਮਾਂ (ਨਾ ਕਿ ਵਿਦੇਸ਼ੀ ਧਰਮ ਮੁਸਲਿਮ, ਈਸਾਈ) ਵਾਂਗ ਬ੍ਰਾਹਮਣ ਵਾਦ ਨੇ ਆਪਣੇ ਅੰਦਰ assimilate ਕਰ ਲੈਣਾ ਸੀ। ਜੂਨ ਚੁਰਾਸੀ ਦੇ ਸ਼ਹੀਦਾਂ ਦੀ ਮੈਦਾਨੇ ਜੰਗ ਅੰਦਰ ਦਿੱਤੀ ਸ਼ਹੀਦੀ ਦਾ ਹੀ ਇਹ ਫਲ ਹੈ ਜੋ ਸਿੱਖੀ ਅੱਜ ਪੰਜਾਬ ਸਮੇਤ ਵਿਦੇਸ਼ਾਂ ਅੰਦਰ ਵੀ ਪੂਰੀ ਚੜ੍ਹਦੀ ਕਲਾ ਨਾਲ ਪ੍ਰਫੁਲਿਤ ਹੋ ਰਹੀ ਹੈ।

ਜਿਸਦੀ ਸਿੱਖੀ ਹੈ ਉਹ ਗੁਰੂ ਬਹੁਤ ਬੇਅੰਤ! ਜਦ ਉਸਨੇ ਸਿੱਖਾਂ ਨੂੰ ਤਲਵਾਰ ਫੜਨੀ ਸਿਖਾਉਣੀ ਸੀ ਤਾਂ ਉਸ ਗੁਰੂ ਦੇ ਪਿਤਾ ਨੇ ਸ਼ਹਾਦਤ ਦੇ ਕੇ ਤਲਵਾਰ ਚਲਾਉਣ ਵਾਲਾ ਖੂਨ ਖਾਲਸੇ ਦੀਆਂ ਰਗਾਂ ਅੰਦਰ ਦੁੜਾ ਦਿੱਤਾ, ਪਰ ਸ਼ਹਾਦਤ ਜਿਸ ਧਰਮ ਦੇ ਬਚਾਅ ਖਾਤਿਰ ਦਿੱਤੀ ਉਹਨਾਂ ਹੀ ਖਾਲਸੇ ਨੂੰ ਦੁਸ਼ਮਣ ਐਲਾਨ ਜੰਗ ਲਈ ਵੰਗਾਰ ਤਾ ਸ਼ਾਇਦ ਦੇਖਣਾ ਚਾਹੁੰਦੇ ਹੋਣ ਕੇ ਦਸ਼ਮੇਸ਼ ਦੇ ਜਾਏ ਸ਼ਸਤਰ ਚਲਾਉਣਾ ਤਾਂ ਨਹੀਂ ਭੁੱਲ ਗਏ। ਪਰ ਸ਼ਾਇਦ ਇਹ ਉਹਨਾਂ ਦੇ ਚਿਤ ਚੇਤੇ ਅੰਦਰ ਨਹੀਂ ਸੀ ਜਿਸਦੀ ਸਿੱਖੀ ਹੈ ਉਸ ਕੋਲ ਸ਼ੁਬੇਗ ਸਿੰਘ ਜਿਹੇ ਜਰਨੈਲ ਹਮੇਸ਼ ਜੰਗ ਲਈ ਅਮਰੀਕ ਸਿੰਘ ਤੇ ਬਾਬੇ ਥਾਹਰਾ ਸਿੰਘ ਦੀ ਅਗਵਾਈ ਚ ਫੌਜ ਤਿਆਰ ਬਰ ਤਿਆਰ ਕਰਕੇ ਬੈਠੇ ਹੁੰਦੇ ਹਨ।

ਸੰਤ ਜਰਨੈਲ ਸਿੰਘ ਜੀ, ਜਨਰਲ ਸ਼ੁਬੇਗ ਸਿੰਘ, ਭਾਈ ਅਮਰੀਕ ਸਿੰਘ ਤੇ ਬਾਬਾ ਥਾਹਰਾ ਸਿੰਘ ਜੀ ਦੀ ਸ਼ਹੀਦੀ ਨੂੰ ਕੋਟ ਕੋਟ ਨਮਨ।

# ਪਲੂਟੋ ਬਾਰੇ ਸਮਝਣਾ ਕਿ ਕਿਉਂ ਸਾਡੇ ਨੌਵੇਂ ਗ੍ਰਹਿ ਨੇ ਆਪਣਾ ਦਰਜਾ ਗੁਆ ਦਿੱਤਾ

ਇੱਕ ਫੈਸਲਾ ਜੋ ਖਗੋਲ ਵਿਗਿਆਨਕ ਸਮੂਹ ਵਿੱਚ ਗੂੰਜਿਆ ਅਤੇ ਜਨਤਾ ਦੀ ਰੁਚੀ ਨੂੰ ਕੈਦ ਕੀਤਾ, ਉਹ ਸੀ ਅੰਤਰਰਾਸ਼ਟਰੀ ਖਗੋਲ ਵਿਗਿਆਨ ਸੰਘ (91") ਦੁਆਰਾ 2006 ਵਿੱਚ ਕੀਤਾ ਗਿਆ, ਜਦੋਂ ਇਸਨੇ ਗ੍ਰਹਿ ਦੀ ਵਰਗੀਕਰਨ ਲਈ ਮਾਪਦੰਡਾਂ ਨੂੰ ਦੁਬਾਰਾ ਪਰਿਭਾਸ਼ਿਤ ਕੀਤਾ। ਇਸ ਨਾਲ ਪਲੂਟੋ ਨੂੰ ਇੱਕ ਗ੍ਰਹਿ ਤੋਂ ÷ਡਵਾਰਫ ਗ੍ਰਹਿ÷ ਵਜੋਂ ਮੁੜ ਵਰਗੀਕਰਣ ਕੀਤਾ ਗਿਆ। ਇਸ ਫੈਸਲੇ ਨੇ ਵਿਗਿਆਨੀਆਂ, ਸਿੱਖਿਆ ਦਾਤਾਵਾਂ ਅਤੇ ਖਗੋਲ ਵਿਗਿਆਨ ਦੇ ਪ੍ਰੇਮੀਆਂ ਵਿਚ ਵਿਚਾਰ-ਵਿਮਰਸ਼ ਨੂੰ ਜਨਮ ਦਿੱਤਾ, ਜਿਸ ਨਾਲ ਬਹੁਤ ਸਾਰੇ ਲੋਕਾਂ ਨੇ ਪੁੱਛਿਆ ਕਿ ਗ੍ਰਹਿ ਹੋਣ ਦਾ ਅਸਲੀ ਮਤਲਬ ਕੀ ਹੈ।

ਗ੍ਰਹਿ ਦੀ ਦਰਜਾਬੰਦੀ ਲਈ ਮਾਪਦੰਡ

91" ਨੇ ਤਿੰਨ ਮਾਪਦੰਡ ਸਥਾਪਿਤ ਕੀਤੇ ਜੋ ਕਿਸੇ ਪਦਾਰਥ ਨੂੰ ਗ੍ਰਹਿ ਵਜੋਂ ਵਰਗੀਕਰਨ ਕਰਨ ਲਈ ਪੂਰੇ ਕਰਨੇ ਚਾਹੀਦੇ ਹਨ:

1. ਸੂਰਜ ਦਾ ਚੱਕਰ ਲਗਾਉਣਾ: ਪਦਾਰਥ ਨੂੰ ਸੂਰਜ ਦਾ ਚੱਕਰ ਲਗਾਉਣਾ ਚਾਹੀਦਾ ਹੈ।
2. ਯੋਗ ਪੁੰਜ: ਪਦਾਰਥ ਨੂੰ ਆਪਣੇ ਆਪ ਦੀ ਗੁਰੁੱਤਾ ਲਈ ਯੋਗ ਪੁੰਜ ਹੋਣਾ ਚਾਹੀਦਾ ਹੈ, ਜੋ ਕਿ ਇਸਨੂੰ ਲਗਭਗ ਗੋਲ ਆਕਾਰ ਅਪਣਾਉਣ ਦੀ ਆਗਿਆ ਦੇਵੇ।
3. ਚੱਕਰ ਨੂੰ ਸਾਫ ਕਰਨਾ: ਪਦਾਰਥ ਨੂੰ ਆਪਣੇ ਚੱਕਰ ਨੂੰ ਹੋਰ ਮਲਬੇ ਤੋਂ ਸਾਫ ਕਰਨਾ ਚਾਹੀਦਾ ਹੈ।

ਜਦੋਂ ਕਿ ਪਲੂਟੋ ਪਹਿਲੇ ਦੋ ਮਾਪਦੰਡਾਂ ਨੂੰ ਪੂਰਾ ਕਰਦਾ ਹੈ—ਸੂਰਜ ਦਾ ਚੱਕਰ ਲਗਾਉਣਾ ਅਤੇ ਆਪਣੇ ਗੁਰੁੱਤਾ ਕਾਰਨ ਲਗਭਗ ਗੋਲ ਹੋਣਾ—ਇਹ ਤੀਜੇ ਮਾਪਦੰਡ ਨੂੰ ਪੂਰਾ ਨਹੀਂ ਕਰਦਾ। ਪਲੂਟੋ ਆਪਣੇ ਚੱਕਰ ਦੇ ਖੇਤਰ ਨੂੰ ਕੁਆਇਪਰ ਬੇਲਟ ਵਿੱਚ ਮਲਬੇ ਨਾਲ ਸਾਂਝਾ ਕਰਦਾ ਹੈ, ਜੋ ਕਿ ਬਰਫੀਲੇ ਪਦਾਰਥਾਂ ਅਤੇ ਸੂਰਜੀ ਪ੍ਰਣਾਲੀ ਦੀ ਬਣਤਰ ਤੋਂ ਬਚੇ ਹੋਏ ਅਵਸ਼ੇਸ਼ਾਂ ਨਾਲ ਭਰਿਆ ਹੋਇਆ ਹੈ।

ਕੁਆਇਪਰ ਬੇਲਟ ਅਤੇ ਪਲੂਟੋ ਦੀ ਵਿਲੱਖਣ ਵਿਸ਼ੇਸ਼ਤਾਵਾਂ

1930 ਵਿੱਚ ਕਲਾਈਡ ਟੋਮਬਾਅ ਨੇ ਖੋਜਿਆ, ਪਲੂਟੋ ਨੂੰ ਸ਼ੁਰੂ ਵਿੱਚ ਸਾਡੇ ਸੂਰਜੀ ਪ੍ਰਣਾਲੀ ਵਿੱਚ ਨੌਵੇਂ ਗ੍ਰਹਿ ਵਜੋਂ ਮੰਨਿਆ ਗਿਆ। ਹਾਲਾਂਕਿ, ਜਿਵੇਂ ਜਿਵੇਂ ਖਗੋਲ ਵਿਗਿਆਨੀ ਸੂਰਜੀ ਪ੍ਰਣਾਲੀ ਦੇ ਬਾਹਰੀ ਖੇਤਰਾਂ ਦੀ ਖੋਜ ਕਰਦੇ ਰਹੇ, ਉਨ੍ਹਾਂ ਨੇ ਬਹੁਤ ਸਾਰੇ ਹੋਰ ਛੋਟੇ ਤਾਰੇ ਪਦਾਰਥਾਂ ਦੀ ਪਛਾਣ ਕੀਤੀ ਜੋ ਪਲੂਟੋ ਨਾਲ ਸਮਾਨ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਕੁਆਇਪਰ ਬੇਲਟ ਵਿੱਚ ਹਨ। ਇਸ ਖੋਜ ਨੇ ਗ੍ਰਹਿ ਹੋਣ ਦੇ ਮਤਲਬ ਬਾਰੇ ਪ੍ਰਸ਼ਨ ਉਠਾਏ।

ਪਲੂਟੋ ਵਿਲੱਖਣ ਹੈ; ਇਸਦੇ ਪੰਜ ਚੰਦਰਮਾ ਹਨ, ਜਿਨ੍ਹਾਂ ਵਿੱਚੋਂ ਇੱਕ, ਚੈਰਨ, ਲਗਭਗ ਇਸਦੇ ਆਕਾਰ ਦਾ ਅੱਧਾ ਹੈ। ਇਸਦੀ ਸੰਕੁਲ ਵਾਤਾਵਰਨ, ਜੋ ਮੁੱਖ ਤੌਰ 'ਤੇ ਨਾਈਟਰੋਜਨ ਨਾਲ ਬਣਿਆ ਹੈ ਜਿਸ ਵਿੱਚ ਮੀਥੇਨ ਅਤੇ ਕਾਰਬਨ ਮਾਨੋਕਸਾਈਡ ਦੇ ਨਿਸ਼ਾਨ ਹਨ, ਇਸਦੀ ਦਿਲਚਸਪੀ ਨੂੰ ਵਧਾਉਂਦੀ ਹੈ। ਫਿਰ ਵੀ ਇਨ੍ਹਾਂ ਮਨਮੋਹਕ ਵਿਸ਼ੇਸ਼ਤਾਵਾਂ ਦੇ ਬਾਵਜੂਦ ਆਪਣੇ ਚੱਕਰ ਦੇ ਖੇਤਰ ਨੂੰ

**ਸੁਰਿੰਦਰਪਾਲ ਸਿੰਘ**

ਆਖਿਰਕਾਰ ਇਸਦੀ ਡਿਮੋਸ਼ਨ ਦਾ ਕਾਰਨ ਬਣਾਇਆ।

ਪਲੂਟੋ ਦੀ ਮੁੜ ਵਰਗੀਕਰਨ ਦਾ ਪ੍ਰਭਾਵ

ਪਲੂਟੋ ਦੀ ਮੁੜ ਵਰਗੀਕਰਨ ਨੇ ਵਿਗਿਆਨਿਕ ਖੋਜ ਅਤੇ ਜਨਤਾ ਦੀ ਸਮਝ 'ਤੇ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਵਿਗਿਆਨੀ ਲਈ ਇਸਨੇ ਆਕਾਸ਼ੀ ਪਦਾਰਥਾਂ ਅਤੇ ਉਨ੍ਹਾਂ ਦੀਆਂ ਵਰਗੀਕਰਨਾਂ ਦਾ ਮੁੜ ਮੁਲਾਂਕਣ ਕਰਨ ਲਈ ਉਤਸ਼ਾਹਿਤ ਕੀਤਾ ਹੈ। ÷ਡਵਾਰਫ ਗ੍ਰਹਿ÷ ਸ਼ਬਦ ਪ੍ਰਸਿੱਧ ਹੋ ਗਿਆ, ਜਿਸ ਨਾਲ ਹੋਰ ਸਮਾਨ ਪਦਾਰਥਾਂ ਦੀ ਪਛਾਣ ਹੋਈ ਜਿਵੇਂ ਕਿ ਏਰੀਸ ਅਤੇ ਹਾਊਮੀਅ।

ਜਨਤਾ ਲਈ ਪਲੂਟੋ ਦੀ ਡਿਮੋਸ਼ਨ ਨੇ ਮਿਲੇ-ਜੁਲੇ ਭਾਵਨਾ ਉਤਪੰਨ ਕੀਤੀ। ਬਹੁਤ ਸਾਰੇ ਲੋਕਾਂ ਨੇ ਪਲੂਟੋ ਨੂੰ ਨੌਵੇਂ ਗ੍ਰਹਿ ਵਜੋਂ ਜਾਣਿਆ ਅਤੇ ਇਸਦੀ ਉਸ ਸੂਚੀ ਤੋਂ ਹਟਾਉਣਾ ਇੱਕ ਜਾਣੇ-ਪਛਾਣੇ ਦੋਸਤ ਨੂੰ ਗੁਆਉਣ ਦੇ ਬਰਾਬਰ ਮਹਿਸੂਸ ਹੋਇਆ। ਇਹ ਵਿਵਾਦ ਖਗੋਲ ਵਿਗਿਆਨ ਅਤੇ ਗ੍ਰਹਿ ਵਿਗਿਆਨ ਵਿੱਚ ਰੁਚੀ ਨੂੰ ਜਾਰੀ ਰੱਖਦਾ ਹੈ, ਨਵੇਂ ਪੀੜ੍ਹੀਆਂ ਨੂੰ ਕੌਸਮੋਸ ਦੀ ਖੋਜ ਕਰਨ ਲਈ ਪ੍ਰੇਰਿਤ ਕਰਦਾ ਹੈ।

ਸਾਡੇ ਸੂਰਜੀ ਪ੍ਰਣਾਲੀ ਦੀ ਵੱਡੀ ਸਮਝ

ਪਲੂਟੋ ਦੀ ਮੁੜ ਵਰਗੀਕਰਨ ਇਹ ਯਾਦ ਦਿਵਾਉਂਦੀ ਹੈ ਕਿ ਵਿਗਿਆਨ ਇੱਕ ਵਿਕਾਸਸ਼ੀਲ ਖੇਤਰ ਹੈ। ਜਿਵੇਂ ਜਿਵੇਂ ਸਿਤਾਰਿਆਂ ਅਤੇ ਉਨ੍ਹਾਂ ਦੀਆਂ ਵਰਗੀਕਰਨਾਂ ਦੇ ਅਧਿਐਨ ਵਿੱਚ ਗਹਿਰਾਈ ਆਉਂਦੀ ਹੈ, ਉਵੇਂ ਹੀ ਗ੍ਰਹਿ ਹੋਣ ਦੇ ਪਰਿਭਾਸ਼ਾ ਵਿੱਚ ਵੀ ਵਿਕਾਸ ਹੁੰਦਾ ਹੈ।

ਪਿਛਲੇ ਕੁਝ ਸਾਲਾਂ ਵਿੱਚ, ਨਾਸਾ ਦਾ ਨਿਊ ਹੋਰਾਈਜ਼ਨ ਮਿਸ਼ਨ, ਜੋ 2015 ਵਿੱਚ ਪਲੂਟੋ ਦੇ ਕੋਲੋਂ ਉੱਡਿਆ, ਇਸ ਦੂਰ ਦੇ ਸੰਸਾਰ ਅਤੇ ਇਸਦੀ ਸੰਕੁਲ ਪ੍ਰਣਾਲੀ ਬਾਰੇ ਅਮੂਲੀ ਡਾਟਾ ਪ੍ਰਦਾਨ ਕੀਤਾ। ਇਹ ਖੋਜਾਂ ਸਾਡੇ ਸੂਰਜੀ ਪ੍ਰਣਾਲੀ ਅਤੇ ਇਸ ਤੋਂ ਬਾਹਰ ਦੇ ਪ੍ਰਤੀ ਅਚੰਭਾ ਅਤੇ ਰੁਚੀ ਨੂੰ ਜਾਰੀ ਰੱਖਦੀਆਂ ਹਨ।

ਜਦੋਂ ਕਿ ਪਲੂਟੋ ਹੁਣ ਨੌਵੇਂ ਗ੍ਰਹਿ ਦੇ ਦਰਜੇ 'ਤੇ ਨਹੀਂ ਹੈ ਇਹ ਸਾਡੇ ਗ੍ਰਹਿ ਵਿਗਿਆਨ ਦੀ ਸਮਝ ਦਾ ਇੱਕ ਮਹੱਤਵਪੂਰਨ ਹਿੱਸਾ ਰਹਿੰਦਾ ਹੈ ਅਸੀਂ ਜਦੋਂ ਭਵਿੱਖ ਵੱਲ ਵੇਖਦੇ ਹਾਂ, ਅਸੀਂ ਯਾਦ ਰੱਖਦੇ ਹਾਂ ਕਿ ਹਰ ਖੋਜ ਸਾਡੇ ਬ੍ਰਹਿਮੰਡ ਦੀ ਸਮਝ ਲਈ ਨਵੇਂ ਦਰਵਾਜ਼ੇ ਖੋਲ੍ਹਦੀ ਹੈ—ਅਤੇ ਕਈ ਵਾਰੀ ਉਤਸ਼ਾਹਕ ਨਵੀਆਂ ਸੰਭਾਵਨਾਵਾਂ ਵੱਲ ਲੈ ਜਾਂਦੀ ਹੈ।

ਪਲੂਟੋ ਨੂੰ ਗ੍ਰਹਿਾਂ ਦੀ ਸੂਚੀ ਤੋਂ ਹਟਾਉਣਾ ਵਿਗਿਆਨੀ ਵਰਗੀਕਰਨ ਅਤੇ ਸਮਝ ਦੀ ਗਤੀਸ਼ੀਲ ਪ੍ਰਾਕਿਰਤੀ ਨੂੰ ਹਾਈਲਾਈਟ ਕਰਦਾ ਹੈ। ਅਸੀਂ ਜਦੋਂ ਅਕਾਸ਼ ਦੀ ਵਿਸ਼ਾਲਤਾ ਦਾ ਅਧਿਐਨ ਕਰਦੇ ਹਾਂ ਉਸ ਵਕਤ ਇਹ ਯਕੀਨੀ ਹੈ ਕਿ ਅਸੀਂ ਕਿਸੇ ਵੀ ਸਮੇਂ ਨਵੇਂ ਖੋਜਾਂ ਦਾ ਸਾਹਮਣਾ ਕਰਾਂਗੇ। ਸ਼ਾਇਦ ਇੱਕ ਦਿਨ ਪਲੂਟੋ ਸਾਡੇ ਦਿਲਾਂ ਵਿੱਚ ਆਪਣਾ ਦਰਜਾ ਮੁੜ ਪ੍ਰਾਪਤ ਕਰ ਸਕਦਾ ਹੈ, ਭਾਵੇਂ ਇਹ ਅਕਾਦਮਿਕ ਪਾਠਕ੍ਰਮਾਂ ਵਿੱਚ ਉਹ ਦਰਜਾ ਨਾ ਪ੍ਰਾਪਤ ਕਰੇ।

# ਅਣ-ਅਧਿਕਾਰਤ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਨਾਂ ਨੂੰ ਰੈਗੂਲਰ ਕਰਵਾਉਣ ਲਈ ਨਗਰ ਨਿਗਮ,ਅੰਮ੍ਰਿਤਸਰ ਵਲੋ ਲਗਾਏ ਜਾਣਗੇ ਕੈਪ

**ਅੰਮ੍ਰਿਤਸਰ/ਅਰਵਿੰਦਰ ਵੜੈਚ**

ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋ ਨਗਰ ਨਿਗਮ ਦੇ ਉਪਰੇ ?ਸਨ ਐਂਡ ਮੇਨਟੀਨੈਂਸ ਸੈਲ ਅਤੇ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਨਗਰ ਨਿਗਮ ਦੀ ਹਦੂਦ ਵਿੱਚ ਆਉਂਦੇ ਇਲਾਕਿਆਂ ਵਿੱਚ ਪਾਣੀ ਸੀਵਰੇਜ ਦੇ ਕੁਨੈਕਸਨਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਦੱਸਿਆ ਗਿਆ ਕਿ ਸ਼ਹਿਰ ਦੀ ਵਸੋ ਦੇ ਮੁਤਾਬਕ ਲੋਕਾਂ ਵਲੋ ਪਾਣੀ ਸੀਵਰੇਜ ਦੇ ਕੁਨੈਕਸ਼ਨ ਨਾ ਲਏ ਜਾਣ ਕਾਰਣ ਨਗਰ ਨਿਗਮ ਕੋਲ ਇਹਨਾਂ ਕੁਨੈਕਸ'ਨਾਂ ਦੀ ਗਿਣਤੀ ਘੱਟ ਹੈ ਜਿਸ ਨਾਲ ਬਹੁਤ ਵਿੱਤੀ ਨੁਕਸਾਨ ਹੋ ਰਿਹਾ ਹੈ ਜਿਸ ਦਾ ਕਮਿਸ਼ਨਰ ਵਲੋ ਸ਼ਖਤ ਨੋਟਿਸ ਲੈਂਦੇ ਹੋਏ ਫੈਸਲਾ ਲਿਆ ਗਿਆ ਕਿ ਸ਼ਹਿਰ ਵਿੱਚ ਜਿਹੜੇ ਪਾਣੀ ਸੀਵਰ ਦੇ ਕੁਨੈਕਸ਼ਨ ਵੱਖ-ਵੱਖ ਪ੍ਰੋਜੈਕਟਾਂ ਰਾਂਹੀ ਲੋਕਾਂ ਦੇ ਘਰਾਂ ਤੱਕ ਪਹੁੰਚਾਏ ਗਏ ਹਨ ਉਹਨਾਂ ਨੂੰ ਰਿਕਾਰਡ ਵਿੱਚ ਰੈਗੂਲਰ ਕਰਨ ਹਿੱਤ ਜੋਨਲ ਪੱਧਰ ਤੇ ਕੈਂਪ ਲਗਾ ਕੇ ਮੁਹਿੰਮ ਸੁਰੂ ਕੀਤੀ ਜਾਵੇ ਤਾਂ ਜੋ ਲੋਕਾਂ ਵਲੋ ਨਗਰ ਨਿਗਮ ਦੀ ਮੰਜੂਰੀ ਤੋ ਬਿਨਾਂ ਲਗਾਏ ਗਏ ਕੁਨੈਕਸ਼ਨਾਂ ਨੂੰ ਰਿਕਾਰਡ ਵਿੱਚ ਰੈਗੂਲਰ ਕੀਤਾ ਜਾ ਸਕੇ। ਕੈਂਪ ਵਿਖੇ ਪ੍ਰਾਪਰਟੀ ਟੈਕਸ ਦੀ ਅਸੈਸਮੈਂਟ ਲਈ ਵੀ ਫਾਰਮ ਭਰੇ ਜਾਣਗੇ ਤਾਂ ਜੋ ਵਾਟਰ ਸਪਲਾਈ ਅਤੇ ਸੀਵਰੇਜ ਦਾ ਕੁਨੈਕਸ਼ਨ ਰੈਗੂਲਰ ਕਰਨ ਵੇਲੇ ਦੋਹਾਂ ਮੱਧਾ ਨੂੰ ਇੰਟਰ-ਲਿੰਕ ਕੀਤਾ ਜਾ ਸਕੇ । ਮੀਟਿੰਗ ਵਿੱਚ ਸਹਾਇਕ ਕਮਿਸ਼ਨਰ,ਰਜਿੰਦਰ ਸ਼ਰਮਾਂ,ਵਿਸਾਲ ਵਧਾਵਨ,ਕਾਰਜਕਾਰੀ



ਇੰਜੀਨੀਅਰ,ਮਨਜੀਤ ਸਿੰਘ,ਗੁਰਜਿੰਦਰ ਸਿੰਘ,ਭਲਿੰਦਰ ਸਿੰਘ,ਐਮ.ਪੀ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

ਕਮਿਸ਼ਨਰ,ਗੁਲਪੀ ?ਰਤ ਸਿੰਘ ਔਲਖ ਨੇ ਦੱਸਿਆ ਕਿ ਨਗਰ ਨਿਗਮ,ਅੰਮ੍ਰਿਤਸਰ ਵਲੋ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾਇਕਾ,ਸਾਊਥ-ਈਸ਼ਟ ਅਤੇ ਅਮਰੁੱਤ ਪ੍ਰੋਜੈਕਟ ਅਧੀਨ ਸ਼ਹਿਰ ਵਾਸੀਆਂ ਨੂੰ ਪਾਣੀ£ਸੀਵਰੇਜ ਸਬੰਧੀ ਮੁੱਢਲੀਆਂ ਸਹੁੱਲਤਾਂ ਦਿੱਤੀਆਂ ਗਈਆਂ ਹਨ ਅਤੇ ਲੋਕਾਂ ਵਲੋ ਪਾਣੀ ਸੀਵਰੇਜ ਦੇ ਕੁਨੈਕਸ਼ਨ ਵੀ ਲਏ ਗਏ ਹਨ ਪਰ ਉਹਨਾਂ ਵਲੋ ਇਹ ਕੁਨੈਕਸ਼ਨ ਨਗਰ ਨਿਗਮ ਪਾਸੋ ਮੰਜੂਰ ਨਹੀ ਕਰਵਾਏ ਗਏ ਹਨ।

ਜਿਸ ਕਰਕੇ ਨਗਰ ਨਿਗਮ ਕੋਲ ਇਹਨਾਂ ਕੁਨੈਕਸਨਾਂ ਦੀ ਗਿਣਤੀ ਘੱਟ ਹੋਣ ਕਰਕੇ ਬੜਾ ਵਿੱਤੀ ਨੁਕਸ਼ਾਨ ਹੋ ਰਿਹਾ ਹੈ। ਉਹਨਾਂ ਕਿਹਾ ਕਿ ਨਗਰ ਨਿਗਮ ਵਲੋ ਕੋਈ ਵੀ ਕਾਰਵਾਈ ਕਰਨ ਤੋ ਪਹਿਲਾਂ ਸ਼ਹਿਰ ਵਾਸੀਆਂ ਦੀ ਸਹੁੱਲਤ ਲਈ ਹਰੇਕ ਇਲਾਕੇ ਵਿੱਚ ਕੈਂਪ ਲਗਾਏ ਜਾਣਗੇ ਜਿਸ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀਆ ਟੀਮਾਂ ਤੋ ਇਲਾਵਾ ਪ੍ਰਾਪਰਟੀ ਟੈਕਸ ਵਿਭਾਗ ਦੀਆਂ ਟੀਮਾਂ ਵੀ ਸ਼ਾਮਿਲ ਹੋਣਗੀਆਂ ਅਤੇ ਲੋਕਾਂ ਨੂੰ ਅਪਣੇ ਪਾਣੀ ਸੀਵਰੇਜ ਦੇ ਕੁਨੈਕਸ਼ਨ ਰੈਗੂਲਰ ਕਰਵਾਉਣ ਲਈ ਮੌਕਾ ਦਿੱਤਾ ਜਾਵੇਗਾ।

ਇਹਨਾਂ ਕੈਂਪਾਂ ਨੂੰ ਲਗਾਉਣ ਤੋ ਪਹਿਲਾਂ ਸਬੰਧਤ ਇਲਾਕੇ ਵਿੱਚ ਬਕਾਇਦਾ ਮੁਨਾਦੀ ਕਰਵਾਈ ਜਾਵੇਗੀ ਤਾਂ ਜੋ ਇਹ ਜਾਣਕਾਰੀ ਵੱਧ ਤੋ ਵੱਧ ਲੋਕਾਂ ਤੱਕ ਪਹੁੰਚੇ ਅਤੇ ਲੋਕ ਇਸ ਦਾ ਲਾਭ ਉਠਾਉਣ। ਜੇਕਰ ਲੋਕਾਂ ਵਲੋ ਅਣ-ਅਧਿਕਾਰਤ ਪਾਣੀ ਸੀਵਰ ਦੇ ਕੁਨੈਕਸ਼ਨਾਂ ਨੂੰ ਰਿਕਾਰਡ ਵਿੱਚ ਰੈਗੂਲਰ ਨਹੀ ਕਰਵਾਇਆ ਜਾਂਦਾ ਤਾਂ ਉਹਨਾਂ ਨੂੰ ਪੰਜਾਬ ਮਿਉਸਪਲ ਕਾਰਪੋਰੇਸ਼ ?ਨ ਐਕਟ,1976 ਦੀ ਧਾਰਾ 189 ਤਹਿਤ ਨੋਟਿਸ ਜਾਰੀ ਕਰਨ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਕੁਨੈਕਸਨ ਰੈਗੂਲਰ ਕਰਨ ਲਈ ਹੇਠ ਲਿਖੇ ਦਸਤਾਵੇਜ਼ ਲੋੜੀਂਦੇ ਹਨ, ਕੁਨੈਕਸ਼ਨ ਫਾਰਮ, ਸਵੈ-ਘੋਸ਼ਣਾ,ਰਜਿਸਟਰੀ ਦੀ ਕਾਪੀ,ਆਧਾਰ ਕਾਰਡ,ਬਿਜਲੀ ਦਾ ਬਿੱਲ,ਬਿਨੈਕਾਰ ਦੀਆਂ 2 ਫੋਟੋਵਾਂ,ਪ੍ਰਾਪਟੀ ਟੈਕਸ ਰਸੀਦ ਦੀ ਕਾਪੀ। ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਨਗਰ ਨਿਗਮ,ਅੰਮ੍ਰਿਤਸਰ ਦੇ ਦਫਤਰ ਕਮਰਾ ਨੰਬਰ:301 ਵਿਖੇ ਸੁਪਰਡੰਟ (ਵਸਸਅ) ਜਾਂ ਰਜਿੰਦਰ ਸ਼ਰਮਾਂ,ਸਹਾਇਕ ਕਮਿਸ਼ਨਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੀ.ਏ.ਯੂ ਕ੍ਰਿਸ਼ੀ ਵਿਗਿਆਨ ਕੇਂਦਰ ਫਿਰੋਜ਼ਪੁਰ ਵੱਲੋਂ ਚਲਾਏ ਜਾ ਰਹੇ ਵਿਕਾਸ ਕ੍ਰਿਸ਼ੀ ਸੰਕਲਪ ਅਭਿਆਨ ਨੇ ਮੱਧ ਪੜਾਅ ਸਫਲਤਾ ਪੂਰਵਕ ਤੈਅ ਕੀਤਾ

**ਫਿਰੋਜ਼ਪੁਰ/ਮਨੋਹਰ ਲਾਲ**

ਦੇਸ਼ ਭਰ ਵਿੱਚ ਖੇਤੀਬਾੜੀ ਦੇ ਕਿੱਤੇ ਨੂੰ ਸ਼ਸ਼ਕਤ ਕਰਨ ਦੇ ਉਦੇਸ਼ ਨਾਲ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਚੌਹਾਨ ਦੇ ਦਿਸ਼ਾ—ਨਿਰਦੇਸ਼ਾਂ ਹੇਠ ਚਲਾਈ ਜਾ ਰਹੀ ਦੇਸ਼ ਵਿਆਪੀ ਪਹਿਲ, ਵਿਕਾਸ ਕ੍ਰਿਸ਼ੀ ਸੰਕਲਪ ਅਭਿਆਨ—2025, ਅੱਜ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ 8ਵੇਂ ਦਿਨ ਵਿੱਚ ਦਾਖਿਲ ਹੋਈ। ਪਿਛਲੇ ਹਫ਼ਤੇ 29 ਮਈ ਤੋਂ 5 ਜੂਨ ਤੱਕ ਲਗਭਗ 50 ਪਿੰਡਾਂ ਤੋਂ ਜਿਆਦਾ ਦੇ ਕਿਸਾਨਾਂ ਨੇ ਇਸ ਵਿਆਪਕ ਜਾਗਰੂਕਤਾ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਅਤੇ ਪੀ.ਏ.ਯੂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਵਿਗਿਆਨੀਆਂ ਅਤੇ ਹੋਰ ਵਿਭਾਗਾਂ ਦੇ ਨੁਮਾਇੰਦਿਆਂ ਨਾਲ ਵਿਚਾਰ—ਵਟਾਂਦਰੇ ਸਾਂਝੇ ਕਰਕੇ ਲਾਭ ਉਠਾਇਆ। ਇਸੇ ਲੜੀ ਅਧੀਨ ਪੀ.ਏ.ਯੂ ਕ੍ਰਿਸ਼ੀ ਵਿਗਿਆਨ ਕੇਂਦਰ ਫਿਰੋਜ਼ਪੁਰ ਦੁਆਰਾ ਖੇਤੀਬਾੜੀ ਅਤੇ ਹੋਰ ਵਿਭਾਗਾਂ ਦੇ ਸਹਿਯੋਗ ਨਾਲ ਮਿਤੀ 6.06.2025 ਨੂੰ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡਾਂ ਖੋਸਾ ਦਲ ਸਿੰਘ, ਤਲਵੰਡੀ ਨੇਪਾਲਾ, ਪੱਧਰੀ, ਨਿਜ਼ਾਮਦੀਨ ਵਾਲਾ ਅਤੇ ਹੋਰ ਨੇੜਲੇ ਪਿੰਡਾਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਗਏ। ਉਨ੍ਹਾਂ ਦੱਸਿਆ



ਕਿ ਵਿਗਿਆਨੀਆਂ ਨੇ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਰਾਹੀਂ ਖੇਤੀਬਾੜੀ ਨੂੰ ਆਧੁਨਿਕ ਬਣਾਉਣ, ਕੁਦਰਤੀ ਖੇਤੀ ਅਤੇ ਖੇਤੀ ਸਕੀਮਾਂ ਬਾਰੇ ਜਾਗਰੂਕ ਕੀਤਾ। ਇਨ੍ਹਾਂ ਸਮਾਗਮਾਂ ਦੀ ਅਗਵਾਈ ਡਾ: ਗੁਰਮੇਲ ਸਿੰਘ, ਡਿਪਟੀ ਡਾਇਰੈਕਟਰ (ਸਿਖਲਾਈ), ਕੇ.ਵੀ.ਕੇ ਫਿਰੋਜ਼ਪੁਰ ਨੇ ਕੀਤੀ ਅਤੇ ਗਠਤ ਟੀਮਾਂ ਵਿੱਚ ਕੇ.ਵੀ.ਕੇ ਦੇ ਵਿਗਿਆਨੀ ਡਾ: ਭੱਲਣ ਸਿੰਘ ਸੇਖੋਂ, ਡਾ: ਸਿਮਰਨਜੀਤ ਕੌਰ ਅਤੇ ਡਾ: ਹਰਪ੍ਰੀਤ ਕੌਰ ਦੇ ਨਾਲ—ਨਾਲ ਤਕਨੀਕੀ ਸਟਾਫ਼ ਜਸਬੀਰ ਸਿੰਘ ਅਤੇ ਦੀਪਕ ਕੁਮਾਰ ਵੀ ਸ਼ਾਮਿਲ ਹੋਏ। ਇਹ ਪ੍ਰੋਗਰਾਮ ਪੀ.ਏ.ਯੂ ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੀ ਅਗਵਾਈ ਹੇਠ ਅਤੇ ਕੇਂਦਰ ਅਤੇ ਪੰਜਾਬ ਸਰਕਾਰ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ, ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ) ਨਵੀਂ ਦਿੱਲੀ ਦੇ ਦਿਸ਼ਾ—ਨਿਰਦੇਸ਼ਾਂ ਅਨੁਸਾਰ ਆਯੋਜਿਤ ਕੀਤੇ ਜਾ ਰਹੇ ਹਨ। ਇਸ ਦੌਰਾਨ ਕਿਸਾਨਾਂ ਨੂੰ ਉਤਪਾਦਕਤਾ ਵਧਾਉਣ, ਆਮਦਨ ਵਿੱਚ ਵਾਧਾ ਕਰਨ ਅਤੇ ਆਧੁਨਿਕ ਖੇਤੀਬਾੜੀ ਤਕਨੀਕਾਂ ਅਤੇ ਵੱਖ—ਵੱਖ ਸਰਕਾਰੀ ਯੋਜਨਾਵਾਂ ਦੇ ਲਾਭਾਂ ਅਤੇ ਮੰਤਵ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਪਹਿਲਕਦਮੀ ਦੌਰਾਨ ਵਿਗਿਆਨੀਆਂ ਨੇ ਕਿਸਾਨਾਂ ਨਾਲ ਜ਼ਮੀਨੀ ਪੱਧਰ ਦੀ ਗੱਲਬਾਤ ਕਰਕੇ ਫੀਡਬੈਕ ਲਈ ਅਤੇ ਕਿਸਾਨਾਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵੀ ਜਾਣੂ ਕਰਵਾਇਆ। ਇਸ ਪ੍ਰੋਗਰਾਮ ਦੀ ਸਫਲਤਾ ਕਿਸਾਨਾਂ ਨੂੰ ਸਸ਼ਕਤ ਬਣਾਉਣ ਅਤੇ ਜ਼ਿਲ੍ਹੇ ਵਿੱਚ ਖੇਤੀਬਾੜੀ ਦੇ ਕਿੱਤੇ ਅਤੇ ਕਿਸਾਨ ਭਰਾਵਾਂ ਨੂੰ ਅੱਗੇ ਵਧਾਉਣ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਦੱਸਿਆ ਕਿ 7 ਜੂਨ ਨੂੰ ਪਿੰਡ ਝੋਕ ਹਰੀਹਰ, ਤੂਤ, ਰੁਕਣਾ ਬੇਗੂ ਅਤੇ ਕਾਸੂ ਬੇਗੂ ਤੋਂ ਇਲਾਵਾ ਨਾਲ ਲੱਗਦੇ ਪਿੰਡਾਂ ਵਿਚ ਜਾਗਰੂਕਤਾ ਪੋ ?ਰਗਰਾਮ ਕਰਵਾਏ ਜਾ ਰਹੇ ਹਨ।

# ਫੈਡਰੇਸ਼ਨ ਮਹਿਤਾ ਵਰਕਰਾਂ ਨੇ ਘੱਲੂਘਾਰਾ ਦੇ ਸਬੰਧ ਵਿਚ ਕੀਤੀ ਅਰਦਾਸ

## ਇੰਦਰਾ ਗਾਂਧੀ ਦੇ ਮੱਥੇ ਤੇ ਲੱਗਾ ਕਲੰਕ ਕਦੇ ਸਾਫ ਨਹੀਂ ਹੋਵੇਗਾ—ਭਾਈ ਜ਼ਸਪਾਲ ਸਿੰਘ



**ਫਿਰੋਜ਼ਪੁਰ/ਮਨੋਹਰ ਲਾਲ**

1984 ਦੇ ਇਕ ਜੂਨ ਤੋਂ ਲੈ ਕੇ 6 ਜੂਨ ਤੱਕ ਸਮੁੱਚੀ ਮਨੁੱਖਤਾ ਦੇ ਕੇਂਦਰ ਸੱਚ ਖੰਡ ਸ੍ਰੀ ਹਰਮਿੰਦਰ ਸਾਹਿਬ ਤੇ ਸਮੇਂ ਦੀ ਹਕੂਮਤ ਕਾਂਗਰਸ ਸਰਕਾਰ ਵੱਲੋਂ ਕੀਤੇ ਫੌਜੀ ਹਮਲੇ ਜਿਸ ਵਿਚ ਕਈ ਨਿਰਦੋਸ਼ ਸਿੰਘ, ਸਿੰਘਣੀਆਂ ਅਤੇ ਬੱਚੇ ਸ਼ਹੀਦ ਹੋ ਗਏ ਸਨ, ਨੂੰ ਯਾਦ ਕਰਦਿਆਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਫਿ ?ਰੋਜ਼ਪੁਰ ਦੇ ਮਖੂ ਗੇਟ ਸਥਿਤ ਗੁਰਦੁਆਰਾ ਭਾਈ ਹਾਕਮ ਸਿੰਘ ਵਿਖੇ ਇਲਾਕੇ ਦੀਆਂ ਸੰਗਤਾਂ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਵਰਕਰਾਂ ਨੇ ਘੱਲੂ ਘਾਰਾ ਦੇ ਸਬੰਧ ਵਿਚ ਇਕ ਅਰਦਾਸ ਸਮਾਗਮ ਕੀਤਾ, ਜਿਸ ਵਿਚ ਜੂਨ 1984 ਦੇ ਸਮੁੱਚੇ ਸਿੰਘ ਸਿੰਘਣੀਆਂ, ਨੌਜਵਾਨ ਅਤੇ ਬੱਚੇ ਸ਼ਹੀਦ ਹੋ ਗਏ ਸਨ, ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਉਨ੍ਹਾਂ ਦੀ ਚੜ੍ਹਦੀ ਕਲਾਂ ਦੀ ਅਰਦਾਸ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਪਾਏ ਪੂਰਨਿਆਂ ਤੇ ਚੱਲਣ ਦੀ ਸੰਗਤਾਂ ਨੂੰ ਪ੍ਰੇਰਣਾ ਕੀਤੀ। ਸਮੇਂ ਦੀ ਜਾਲਮ ਹਕੂਮਤ ਕਾਂਗਰਸ ਵਰਕਰ ਤੇ ਵਰ੍ਹਦਿਆਂ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ ਅਤੇ ਡਾ: ਗੁਰਮੀਤ ਸਿੰਘ ਨੇ ਕਿਹਾ ਕਿ ਇਹ ਜ਼ੋ ਇੰਦਰਾ ਗਾਂਧੀ ਦੇ ਮੱਥੇ ਤੇ ਕਲੰਕ ਲੱਗ ਚੁੱਕਾ ਹੈ, ਇਹ ਕਦੇ ਵੀ ਸਾਫ ਨਹੀਂ ਹੋਵੇਾ ਅਤੇ ਸਮੁੱਚੀ ਮਨੁੱਖਤਾ ਕਾਂਗਰਸ ਸਰਕਾਰ ਨੂੰ ਹਮੇਸ਼ਾ ਲਾਹਨਤਾ ਪਾਉਂਦੀ ਰਹੇਗੀ।

ਅਰਦਾਸ ਸਮਾਗਮ ਉਪਰੰਤ ਚਾਹ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਪ੍ਰਧਾਨ ਬਾਬਾ ਮੁਖਤਿਆਰ ਸਿੰਘ, ਪਰਗਟ ਸਿੰਘ, ਹਰਜਿੰਦਰ ਸਿੰਘ ਬੱਗਾ, ਸੁਰਜੀਤ ਸਿੰਘ, ਜ਼ਸਵੰਤ ਸਿੰਘ ਜੱਸ, ਕਿਰਨਦੀਪ ਸਿੰਘ ਪੱਲ੍ਹਾ, ਮਿਹਰ ਸਿੰਘ ਜ਼ੋਸਨ, ਕਿੱਕਰ ਸਿੰਘ ਸੰਧੂ, ਸੁਖਬੀਰ ਸਿੰਘ ਸੰਧੂ, ਨਿਰਮਲ ਸਿੰਘ ਦੁਲਚੀ ਕੇ, ਅਨੂਪ ਸਿੰਘ, ਦਲਜੀਤ ਸਿੰਘ ਸਾਬਕਾ ਕੌਂਸਲਰ, ਕੁਲਦੀਪ ਸਿੰਘ ਨੰਢਾ ਸਮੇਤ ਹੋਰ ਵੀ ਕਈ ਵਰਕਰ ਹਾਜ਼ਰ ਸਨ।

# ਵਣ ਵਿਭਾਗ ਦੋਰਾਹਾ ਰੇਂਜ ਨੇ ਸ਼ਹੀਦ ਸੈਨਿਕ ਪਾਰਕ ਬੇਗੋਵਾਲ ਚ ਮਨਾਇਆ ਵਿਸ਼ਵ ਵਾਤਾਵਰਣ ਦਿਵਸ

## ਵਾਤਾਵਰਨ, ਪਾਣੀ ਆਦਿ ਦੀ ਲਾਹਪ੍ਰਵਾਹੀ ਅਤੇ ਬੇਕਦਰੀ ਨਾਲ ਸੋਮਿਆਂ ਦਾ ਉਜਾੜਾ ਰੋਕਿਆ ਜਾਵੇ

**ਦੋਰਾਹਾ, ਲਾਲ ਸਿੰਘ ਮਾਂਗਟ**

ਵਣ ਵਿਭਾਗ ਦੋਰਾਹਾ ਰੇਂਜ ਨੇ ਸ਼ਹੀਦ ਸੈਨਿਕ ਪਾਰਕ ਬੇਗੋਵਾਲ ਵਿਖੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਮੋਲਸਰੀ ਦੇ ਬੂਟੇ ਲਾਏ। ਵਿਸ਼ਵ ਵਾਤਾਵਰਣ ਦਿਵਸ ਮੌਕੇ ਬਲਾਕ ਅਫ਼ਸਰ ਤੀਰਥ ਸਿੰਘ ਨੇ ਕਿਹਾ ਕਿ ਰੁੱਖ ਲਾਉਣ, ਰੁੱਖਾ ਦੀ ਸਾਭ-ਸ਼ੰਭਾਲ ਦੇ ਨਾਲ-ਨਾਲ ਹੋਰ ਰੁੱਖ ਲਗਾਉਣ ਦਾ ਵੀਂ ਸੰਕਲਪ ਲੈਣਾ ਚਾਹੀਦਾ ਹੈਂ। ਉਨ੍ਹਾਂ ਕਿਹਾ ਕੇ ਤਪਸ ਵੱਧਣ ਦਾ ਇੱਕ ਕਾਰਨ ਰੁੱਖਾ ਦੀ ਕਟਾਈ ਵੀ ਹੈ। ਹਰ ਇਨਸਾਨ ਨੂੰ ਹਰ ਸਾਲ ਘੱਟੋ-ਘੱਟ ਇੱਕ ਰੁੱਖ ਜਰੂਰ ਲਗਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕੁਦਰਤੀ ਸੋਮੇ ਜਿਵੇਂ ਕੇ ਵਾਤਾਵਰਨ, ਪਾਣੀ ਆਦਿ ਦੀ ਲਾਹਪ੍ਰਵਾਹੀ ਅਤੇ ਬੇਕਦਰੀ ਨਾਲ




ਵਰਤੋਂ ਕਾਰਨ ਇਨ੍ਹਾਂ ਕੁਦਰਤੀ ਸੋਮਿਆਂ ਦਾ ਉਜਾੜਾ ਹੀ ਨਹੀਂ ਕਰ ਰਹੇ ਸਗੋਂ ਇਨ੍ਹਾਂ ਨੂੰ ਪ੍ਰਦੂਸ਼ਿਤ ਕਰਕੇ ਆਪਣੇ ਲਈ ਨਵੀਆਂ ਬਿਮਾਰੀਆਂ ਅਤੇ ਬੇਵਕਤੀ ਮੌਤਾ ਸਹੇੜ ਰਹੇਂ ਹਾਂ। ਵੱਡੇ ਪੱਧਰ ਤੇ ਰੁੱਖਾ ਦੀ ਕਟਾਈ ਅਤੇ ਵਹੀਕਲਾ ਦੀ ਬਹੁਤਾਂਤ ਨੇ ਵਾਤਾਵਰਣ ਨੂੰ ਗੰਧਲਾ ਕਰ ਦਿੱਤਾ ਹੈ। ਇਸ ਲਈ ਜਰੂਰੀ ਹੈ ਨਾ ਸਿਰਫ ਰੁੱਖਾ ਨੂੰ ਬਚਾਇਆ ਜਾਵੇ ਸਗੋਂ ਨਵੇਂ ਰੁੱਖ ਲਗਾ ਕੇ ਉਨ੍ਹਾਂ ਨੂੰ ਪਾਲਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਸਮੇਂ ਪਲਾਸਟਿਕ ਦੀ ਵਰਤੋਂ ਕਾਫੀ ਵੱਧ ਚੁੱਕੀ ਹੈ। ਜਿਸ ਵਿੱਚੋਂ ਕੁੱਝ ਪ੍ਰਤੀਸ਼ਤ ਹੀ ਰੀਸਾਈਕਲ ਕੀਤਾ ਜਾਂਦਾ ਹੈ। ਬਾਕੀ ਝੀਲਾ,ਨਦੀਆ ਅਤੇ ਸਮੁੰਦਰਾ ਵਿੱਚ ਰਲ ਕੇ ਪਾਣੀ ਦੇ ਸਰੋਤਾ ਨੂੰ ਗੰਧਲਾ ਕਰ ਰਿਹਾ ਹੈ। ਇਸ ਲਈ ਇਸ ਦੀ ਘੱਟ ਵਰਤੋਂ ਕਰਨੀ ਚਾਹੀਦੀ ਹੈ। ਇਹ ਸਮਾਗਮ ਜਿਲ੍ਹਾ ਵਣ ਅਫ਼ਸਰ ਰਾਜੇਸ਼ ਕੁਮਾਰ ਘੁਲਾਟੀ, ਵਨ ਰੇਂਜ ਅਫ਼ਸਰ ਕਮਲਪ੍ਰੀਤ ਸਿੰਘ ਦੇ ਦਿਸ਼ਾ. ਨਿਰਦੇਸ਼ਾਂ ਨਾਲ ਬਲਾਕ ਅਫ਼ਸਰ ਤੀਰਥ, ਵਣ ਗਾਰਡ ਅਭਿਸ਼ੇਕ ਸ਼ਰ, ਪਲਵਿੰਦਰ ਸਿੰਘ ਅਤੇ ਨਵਜੋਤ ਕੌਰ ਤੋਂ ਇਲਾਵਾ ਹਰਦੇਵ ਸਿੰਘ, ਜੀਤ ਸਿੰਘ, ਮੇਵਾ ਸਿੰਘ, ਜਰਨੈਲ ਸਿੰਘ, ਗੁਰਮੇਲ ਸਿੰਘ, ਕੇਸਰ ਸਿੰਘ ਆਦਿ ਦੀ ਹਾਗੀਂ ਵਿੱਚ ਮਨਾਇਆ ਗਿਆ।

# ਹਲਕੇ ਚੱਬੇਵਾਲ 'ਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੰਤ-ਮਹਾਂਪੁਰਸ਼ਾਂ ਦੀ ਹਾਜ਼ਰੀ 'ਚ ਕਰਵਾਈ ਅਰਦਾਸ

▲ ਲੋਕ ਸਭਾ ਮੈਂਬਰ ਡਾ. ਚੱਬੇਵਾਲ ਅਤੇ ਵਿਧਾਇਕ ਇਸ਼ਾਂਕ ਕੁਮਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਲੋਕਾਂ ਨੂੰ ਵੀ ਡਟਣ ਦਾ ਸੱਦਾ

▲ ਕਿਹਾ ਸੰਤਾਂ-ਮਹਾਂਪੁਰਸ਼ਾਂ ਦੇ ਸਹਿਯੋਗ ਲਈ ਦਿਲੋਂ ਰਿਣੀ

**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੀ ਸਫਲਤਾ ਲਈ ਸੰਤ-ਸਮਾਜ ਦਾ ਆਸ਼ੀਰਵਾਦ ਲੈਣ ਲਈ ਵਿਧਾਨ ਸਭਾ ਹਲਕਾ ਚੱਬੇਵਾਲ ਵਿੱਚ ਪੈਂਦੇ ਪਿੰਡ ਬਾਹੋਵਾਲ ਦੇ ਗੁਰਦੁਆਰਾ ਬਣ ?ਹਾ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ।



ਸਮਾਗਮ ਦੌਰਾਨ ਜਿੱਥੇ ਹਲਕਾ ਚੱਬੇਵਾਲ ਸਮੇਤ ਜਿਲ੍ਹੇ ਦੇ ਦੂਜੇ ਹਿੱਸਿਆਂ ਤੋਂ ਸੰਤ ਮਹਾਂਪੁਰਸ਼ ਪੁੱਜੇ ਉੱਥੇ ਹੀ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆ ਸੰਤ-ਮਹਾਂਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਸਮੇਂ ਸੰਬੋਧਨ ਵਿੱਚ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਮਾਜ ਵਿੱਚ ਫੈਲੇ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਲਈ ਸੂਬਾ ਸਰਕਾਰ ਵੱਲੋਂ ਪੂਰੀ ਸੁਹਿਰਦਤਾ ਨਾਲ ਕਦਮ ਚੁੱਕੇ ਜਾ ਰਹੇ ਹਨ ਜਿਸਦੇ ਨਤੀਜੇ ਸਾਹਮਣੇ ਆਉਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਜਿੱਥੇ ਵੱਡੇ ਨਸ਼ਾ ਤਸਕਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ ਉੱਥੇ ਹੀ ਨਸ਼ਾ ਕਰਨ ਦੇ ਆਦੀ ਨੌਜਵਾਨਾਂ ਨੂੰ ਸਰਕਾਰੀ ਨਸ਼ਾ ਛਡਾਊ ਕੇਂਦਰਾਂ ਵਿੱਚ ਭਰਤੀ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਮਾਜ ਦੀ ਬੇਹਤਰੀ ਵਿੱਚ ਹਮੇਸ਼ਾ ਹੀ ਧਰਮ ਨੇ ਸਕਾਰਾਤਮਕ ਰੋਲ ਨਿਭਾਇਆ ਹੈ ਅਤੇ ਧਰਮ ਹੀ ਸਮਾਜ ਦੀਆਂ ਬੁਰਾਈਆਂ ਦੀ ਜੜ੍ਹ ਹਮੇਸ਼ਾ ਵੱਢਦਾ ਆਇਆ ਹੈ। ਉਨ੍ਹਾਂ ਕਿਹਾ ਕਿ ਸੰਤਾਂ-ਮਹਾਂਪੁਰਸ਼ਾਂ ਵੱਲੋਂ ਜਿੱਥੇ ਲੋਕਾਂ ਨੂੰ ਗੁਰੂ ਦੇ ਲੜ ਲਗਾਇਆ ਜਾ ਰਿਹਾ ਹੈ ਉੱਥੇ ਹੀ ਨਸ਼ੇ ਵਰਗੀਆਂ ਅਲਾਮਤਾਂ ਤੋਂ ਲੋਕਾਂ ਨੂੰ ਬਚਾਉਣ ਵਿੱਚ ਵੀ ਸੰਤ-ਮਹਾਂਪੁਰਸ਼ਾਂ ਦਾ ਵੱਡਾ ਯੋਗਦਾਨ ਰਿਹਾ ਹੈ। ਡਾ. ਚੱਬੇਵਾਲ ਨੇ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 15,861 ਹੋ ਗਈ ਹੈ। ਉਨ੍ਹਾਂ ਦੱਸਿਆ ਕਿ 101 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਨਫ਼ਰੀ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਰਾਜ ਭਰ ਵਿੱਚ ਛਾਪੇਮਾਰੀ ਕਰ ਰਹੀਆਂ ਹਨ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਡਾ. ਇਸ਼ਾਂਕ ਕੁਮਾਰ ਦੀ ਅਗਵਾਈ ਹੇਠ ਚੱਬੇਵਾਲ ਹਲਕੇ ਨੂੰ ਨਸ਼ਾ ਮੁਕਤ ਬਣਾਉਣ ਦਾ ਸਾਡਾ ਸੁਪਨਾ ਜਲਦੀ ਹੀ ਪੂਰਾ ਹੋਵੇਗਾ।

ਇਸ ਮੌਕੇ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਹਲਕੇ ਦੇ ਵਿਕਾਸ ਦੇ ਨਾਲ-ਨਾਲ ਚੱਬੇਵਾਲ ਵਿੱਚੋ ਨਸ਼ਾ ਖਤਮ ਕਰਨਾ ਸਾਡਾ ਮੁੱਖ ਟੀਚਾ ਹੈ, ਉਨ੍ਹਾਂ ਕਿਹਾ ਕਿ ਇੱਕ ਪਾਸੇ ਜਿੱਥੇ ਨਸ਼ੇ ਦਾ ਤਸਕਰਾਂ ਨਾਲ ਸਖਤੀ ਜਾਰੀ ਰਹੇਗੀ ਉੱਥੇ ਹੀ ਇਸ ਨਸ਼ੇ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੇ ਇਲਾਜ ਵਿੱਚ ਵੀ ਅਸੀਂ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਉਨ੍ਹਾਂ ਹਲਕੇ ਦੇ ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਦਾ ਕੋਈ ਸੱਜਣ-ਮਿੱਤਰ ਨਸ਼ੇ ਦੀ ਇਸ ਦਲਦਲ ਵਿੱਚ ਫਸਿਆ ਹੈ ਤਾਂ ਉਸ ਨੂੰ ਇਸ ਵਿੱਚੋ ਬਾਹਰ ਕੱਢਣ ਲਈ ਮਦਦ ਕਰੋ ਅਤੇ ਜਿੱਥੇ ਸਾਡੀ ਲੋੜ ਹੈ ਉੱਥੇ ਸਾਨੂੰ ਦੱਸਿਆ ਜਾਵੇ ਤਾਂ ਜੋ ਨਸ਼ੇ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪਰਿਵਾਰ ਦਾ ਇੱਕ ਵੀ ਜੀਅ ਜਦੋਂ ਨਸ਼ੇ ਦੀ ਦਲਦਲ ਵਿੱਚ ਫੱਸਦਾ ਹੈ ਤਦ ਉਹ ਆਪਣੇ ਪੂਰੇ ਪਰਿਵਾਰ ਨੂੰ ਬਰਬਾਦੀ ਵੱਲ ਲੈ ਜਾਂਦਾ ਹੈ ਇਸ ਲਈ ਹਰ ਪਰਿਵਾਰ ਦੇ ਹਰ ਇੱਕ ਮੈਂਬਰ ਨੂੰ ਦੂਜਿਆਂ ਦਾ ਖਿਆਲ ਰੱਖਣ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਉਹ ਸਮੂਹ ਸੰਤਾਂ-ਮਹਾਂਪੁਰਸ਼ਾਂ ਦੇ ਦਿਲੋਂ ਰਿਣੀ ਹਨ ਜਿਨ੍ਹਾਂ ਨੇ ਨਸ਼ੇ ਖਿਲਾਫ ਛੇੜੀ ਇਸ ਮੁਹਿੰਮ ਵਿੱਚ ਸਹਿਯੋਗ ਦਾ ਭਰੋਸਾ ਦਿੱਤਾ ਹੈ।

# ਦਸੂਹਾ ਪੁਲਿਸ ਵੱਲੋ ਐਨ.ਡੀ.ਪੀ.ਐਸ ਐਕਟ ਤਹਿਤ ਦਰਜ਼ ਕੀਤੇ ਮੁਕੱਦਮੇ ਵਿੱਚ ਇਕ ਮੁਲਜਮ ਗ੍ਰਿਫਤਾਰ



**ਹੁਸ਼ਿਆਰਪੁਰ / ਦਸੂਹਾ /ਤਰਸੇਮ ਦੀਵਾਨਾ**

ਸੰਦੀਪ ਕੁਮਾਰ ਮਲਿਕ ਆਈ.ਪੀ.ਐਸ. ਸੀਨੀਅਰ ਪੁਲਿਸ ਕਪਤਾਨ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਡੀ. ਐਸ. ਪੀ. ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ ÷ਯੁੱਧ ਨਸ਼ਿਆ ਵਿਰੁੱਧ ÷ਤਹਿਤ ਏ.ਐਸ.ਆਈ ਮਹਿੰਦਰ ਸਿੰਘ ਸਮੇਤ ਸਾਥੀ ਕਰਮਚਾਰੀਆ ਨੇ ਮੁਲਜਮ ਪ੍ਰਦੀਪ ਸਿੰਘ ਉਰਫ ਦੀਪੂ ਪੁੱਤਰ ਕਮਲਜੀਤ ਸਿੰਘ ਨੂੰ ਕਾਬੂ ਕਰਕੇ ਉਸ ਪਾਸੋ 53 ਨਸ਼ੀਲੀਆਂ ਗੋਲੀਆ ਬਰਾਮਦ ਕਰਕੇ ਥਾਣਾ ਦਸੂਹਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ । ਮੁਲਜਮ ਪ੍ਰਦੀਪ ਸਿੰਘ ਉਰਫ ਦੀਪੂ ਨੂੰ ਵੀ ਐਨ ਡੀ ਪੀ ਐਸ ਐਕਟ ਤਹਿਤ ਦਸੂਹਾ ਪੁਲਿਸ ਵਲੋਂ ਨਾਮਜਦ ਕੀਤਾ ਗਿਆ ਸੀ, ਉਹਨਾਂ ਦੱਸਿਆ ਕੀ ਉਕਤ ਮੁਲਜਮਾਂ ਨੂੰ ਅਦਾਲਤ ਵਿੱਚ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਕੇ ਉਹਨਾ ਪਾਸੋ ਡੁਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ

# ਪੱਤਰਕਾਰ ਜਗਤਾਰ ਸਿੰਘ ਨੂੰ ਸਦਮਾ ਮਾਤਾ ਦਾ ਹੋਇਆਂ ਦਿਹਾਂਤ

**ਜੰਡਿਆਲਾ ਗੁਰੂ ਗੁਰਦੇਵ ਸਿੰਘ ਮਨਜੋਤਰਾਂ,**

ਕਸਬਾ ਬੰਡਾਲਾ ਤੋਂ ਜਗ ਬਾਣੀ ਦੇ ਪੱਤਰਕਾਰ ਜਗਤਾਰ ਸਿੰਘ ਬੰਡਾਲਾ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਜੀ ਗਿਆਨ ਕੌਰ ਦਾ ਦਿਹਾਂਤ ਹੋ ਗਿਆ। ਇਸ ਮੌਕੇ ਤੇ ਪਰਿਵਾਰ ਨਾਲ ਹਲਕਾ ਜੰਡਿਆਲਾ ਗੁਰੂ ਤੋਂ ਸਾਬਕਾ ਐਮ, ਐਲ, ਏ, ਸੁਖਵਿੰਦਰ ਸਿੰਘ ਡੈਨੀ , ਭਾਜਪਾ ਪਾਰਟੀ ਤੋਂ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਹਰਦੀਪ ਸਿੰਘ ਗਿੱਲ,ਯੂਥ ਆਗੂ ਅਮਰੀਕ ਸਿੰਘ ਬਾਠ, ਚੇਅਰਮੈਨ ਹਰਜੀਤ ਸਿੰਘ ਬੰਡਾਲਾ,ਐਸ, ਜੀ, ਪੀ, ਸੀ, ਦੇ ਮੈਂਬਰ ਅਮਰਜੀਤ ਸਿੰਘ,ਸਾਬਕਾ ਚੇਅਰਮੈਨ ਸੁਰਿੰਦਰ,ਸਿੰਘ,ਮਾਨਾਂਵਾਲਾ,ਜ਼ਿਲ੍ਹਾ ਇੰਚਾਰਜ ਕੁਲਦੀਪ ਸਿੰਘ ਬਾਠ,ਸਰਪੰਚ ਪ੍ਰਗਟ ਸਿੰਘ ਬੱਬਾ, ਅੰਗਰੇਜ਼ ਸਿੰਘ ਹੁੰਦਲ, ਸਰਪੰਚ ਸਲਵਿੰਦਰ ਸਿੰਘ ਭੋਲਾ, ਸੁਖਵਿੰਦਰ ਸਿੰਘ ਦੌਲਤ, ਓਂਕਾਰ ਸਿੰਘ ਬੰਡਾਲਾ, ਡਾ ਦਵਿੰਦਰ ਸਿੰਘ,ਡਾ ਤਰਸੇਮ ਸਿੰਘ, ਸਾਹਿਬ ਸਿੰਘ ਲਵਲੀ , ਸਰਪੰਚ ਪਰਮਜੀਤ ਸਿੰਘ ਨਿਸ਼ਾਨ, ਪੱਤਰਕਾਰ ਸਤਿੰਦਰਬੀਰ ਸਿੰਘ ਪੀਟਰ, ਮਾਂਝਾ ਪ੍ਰੈਸ ਕਲੱਬ ਦੇ ਸਾਬਕਾ ਪ੍ਰਧਾਨ ਲਖਬੀਰ ਸਿੰਘ ਗਿੱਲ, ਅਤੇ ਸਮੂਹ ਪੱਤਰਕਾਰ ਭਾਈਚਾਰਾ,ਬਲਜੀਤ ਸਿੰਘ, ਮਲਕੀਤ ਸਿੰਘ ਫੌਜੀ,



ਅਤੇ ਧਾਰਮਿਕ, ਰਾਜਨੀਤਿਕ, ਹੋਰ ਸਖਸ਼ੀਅਤਾਂ ਆਦਿ ਨੇ ਦੁੱਖ ਸਾਂਝਾ ਕੀਤਾ।ਮਾਤਾ ਦੀ ਅੰਤਿਮ ਅਰਦਾਸ ਸਮਾਗਮ 10 ਜੂਨ ਮੰਗਲਵਾਰ ਨੂੰ ਬਾਬਾ ਦਲੀਪ ਸਿੰਘ ਜੀ ਮਸਤਾਂ ਦੇ ਗੁਰਦੁਆਰਾ ਸਾਹਿਬ ਵਿਚ ਭੋਗ ਪੈਣਗੇ ਅਤੇ ਉਪਰੰਤ ਖੁੱਲੇ ਪੰਡਾਲ ਵਿਚ ਵੈਰਾਗਮਈ ਕੀਰਤਨ ਹੋਵੇਗਾ।

# ਕੇ.ਵੀ.ਕੇ. ਮੋਹਾਲੀ ਦੁਆਰਾ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤਜਾਗਰੂਕਤਾ ਕੈਂਪ

**ਮੋਹਾਲੀ / ਅਸ਼ੋਕ ਜੋਸ਼ੀ**

ਕੇ.ਵੀ.ਕੇ. ਮੋਹਾਲੀ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਐਸ.ਏ.ਐਸ. ਨਗਰ ਦੁਆਰਾ ਡਿਪਟੀ ਡਾਇਰੈਕਟਰ, ਡਾ. ਬਲਬੀਰ ਸਿੰਘ ਖੱਦਾ ਦੀ ਅਗਵਾਈ ਹੇਠ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ"ਦੇ ਤਹਿਤ ਅੱਜ ਪਿੰਡ ਮੀਆਂਪੁਰ, ਸਮਗੌਲੀ, ਧਨੌਨੀ, ਸਹੌੜਾ, ਸੁਹਾਲੀ ਅਤੇ ਬਦਰਪੁਰ ਵਿਖੇ ਜਾਗਰੂਕਤਾ ਕੈਂਪ ਲਗਾਏ। ਕੈਂਪ ਦੌਰਾਨ ਡਾ. ਪਾਰੁਲ ਗੁਪਤਾ, ਡਾ. ਹਰਮੀਤ ਕੌਰ, ਡਾ. ਮੁਨੀਸ਼ ਸ਼ਰਮਾ, ਡਾ.



ਗੁਲਗੁਲ ਸਿੰਘ, ਡੀ.ਐਮ.ਆਈ., ਰੀਜ਼ਨਲ ਦਫ਼ਤਰ ਚੰਡੀਗੜ੍ਹ ਤੋਂ ਸ. ਬਲਜੀਤ ਸਿੰਘ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਤੋਂ ਸ.ਮਨਜੀਤ ਸਿੰਘ ਅਤੇ ਸੁਖਜੀਤ ਕੌਰ, ਡਾ. ਆਰ ਐਸ ਘੁੰਮਣ ਅਤੇ ਡਾ. ਅਜੈ ਕੁਮਾਰ ਨੇ ਕਿਸਾਨ ਵੀਰਾਂ, ਭੈਣਾਂ ਅਤੇ ਨੌਜਵਾਨਾਂ ਨੂੰ ਸਾਉਣੀ ਰੁੱਤ ਵਿੱਚ ਬੀਜੀਆਂ ਜਾਣ ਵਾਲੀਆਂ ਫ਼ਸਲਾਂ, ਡੇਅਰੀ ਫਾਰਮ, ਬੱਕਰੀ ਪਾਲਣ, ਮੱਛੀ ਪਾਲਣ ਦੀਆਂ ਨਵੀਨਤਮ ਤਕਨੀਕਾਂ ਅਤੇ ਖੇਤੀਬਾੜੀ, ਪਸ਼ੂ ਪਾਲਣ ਅਤੇ ਸਹਾਇਕ ਧੰਦਿਆਂ ਸੰਬੰਧੀ ਭਾਰਤ ਅਤੇ ਪੰਜਾਬ ਸਰਕਾਰ ਦੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ।

# ਵਿਸ਼ਵ ਵਾਤਾਵਰਨ ਦਿਵਸ ਮੌਕੇ ਨਗਰ ਕੌਂਸਲ ਵੱਲੋਂ ਕਰਵਾਏ ਮੁਕਾਬਲਿਆਂ ਚੋਂ ਦੋਰਾਹਾ ਪਬਲਿਕ ਸਕੂਲ ਨੇ ਹਾਸਿਲ ਕੀਤੇ 10 ਇਨਾਮ

## ਸਕੂਲ ਦੀ ਵਿਦਿਆਰਥਣ ਗੁਨਿਕਾ ਸਿੰਘ ਨੂੰ 500 ਰੁਪਏ ਨਕਦ ਇਨਾਮ ਵੀ ਮਿਲਿਆ

**ਦੋਰਾਹਾ, ਲਾਲ ਸਿੰਘ ਮਾਂਗਟ**

ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ 'ਤੇ ਗੁਰਦੁਆਰਾ ਸਿੰਘ ਸਭਾ ਵਿਖੇ ਨਗਰ ਕੌਂਸਲ ਦੋਰਾਹਾ ਵੱਲੋਂ 'ਪਲਾਸਟਿਕ ਪ੍ਰਦੂਸ਼ਣ ਖਤਮ ਕਰੋ' ਵਿਸ਼ੇ ਅਧੀਨ ਇੱਕ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤਾ ਗਿਆ। ਜਿਸ ਵਿੱਚ ਦੋਰਾਹਾ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਕੋਮਲ ਬਲ ਅਤੇ ਪ੍ਰਵੀਨ ਭਾਰਦਵਾਜ ਦੀ ਅਗਵਾਈ ਹੇਠ ਵੱਖ-ਵੱਖ ਰਚਨਾਤਮਕ ਮੁਕਾਬਲਿਆਂ ਜਿਵੇਂ ਪੋਸਟਰ ਬਣਾਉਣਾ, ਨਾਅਰੇ ਲਿਖਣਾ, ਥੈਲਿਆਂ ਦੀ ਬਣਾਵਟ ਅਤੇ ਓਪਨ ਮਾਈਕ ਵਿੱਚ ਹਿੱਸਾ ਲਿਆ। ਇਹਨਾਂ ਮੁਕਾਬਲਿਆਂ ਵਿੱਚ ਨਵਕਿਰਨ ਕੌਰ, ਬੀਰ ਪ੍ਰਤਾਪ ਸਿੰਘ ਨੇ ਪਹਿਲਾ, ਸ਼ਵੇਤਾ, ਹਰਲੀਨ ਕੌਰ, ਅਨਹਦ ਕੌਰ ਨੇ ਦੂਜਾ ਅਤੇ ਵੈਸ਼ਨਵੀ ਬੈਕਟਰ, ਗੁਰਨੂਰ ਕੌਰ, ਪ੍ਰਭਕੀਰਤ ਕੌਰ, ਛਵੀ ਬਲੂਜਾ, ਗੁਨਿਕਾ ਸਿੰਘ ਨੇ ਤੀਜਾ ਇਨਾਮ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਗੁਨਿਕਾ ਸਿੰਘ ਨੂੰ 500 ਰੁਪਏ ਨਕਦ ਇਨਾਮ ਵੀ ਮਿਲਿਆ।ਇਸ ਮੌਕੇ ਸਕੂਲ ਦੇ ਡਾਇਰੈਕਟਰ ਤਪਵੀਰ ਸਿੰਘ ਅਤੇ ਪ੍ਰਿੰਸੀਪਲ ਮੋਨਿਕਾ ਸਾਰਵਾਲ ਨੇ ਜੇਤੂ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਕਿਹਾ ਕਿ ਵਾਤਾਵਰਨ ਦੀ ਸੁਰੱਖਿਆ ਲਈ ਸਾਨੂੰ ਪਲਾਸਟਿਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ।



# ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਪ੍ਰਾਈਵੇਟ ਪਲੇਅ-ਵੇ ਸਕੂਲਾਂ ਨੂੰ ਰਜਿਸਟਡ ਕਰਵਾਉਣਾ ਅਤਿ ਜਰੂਰੀ- ਸਮਾਜ ਭਲਾਈ ਅ.ਫਸਰ

**ਖੰਨਾ/ਦੋਰਾਹਾ, ਲਾਲ ਸਿੰਘ ਮਾਂਗਟ**

ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਜੋ ਕਿ ਅਰਲੀ ਜਾਇਲਡ ਐਂਡ ਐਜੂਕੇਸ਼ਨ ਦੇ ਖੇਤਰ ਵਿੱਚ ਕੰਮ

**ਬਿਨ੍ਹਾਂ ਰਜਿਸਟਰੇਸ਼ਨ ਚੱਲਣ ਵਾਲੇ ਪਲੇਅ ਵੇ ਸਕੂਲਾਂ ਦੇ ਖਿਲਾਫ ਹੋਵੇਗੀ ਬਣਦੀ ਕਾਰਵਾਈ**

ਕਰ ਰਹੀਆਂ ਨਿੱਜੀ ਸੰਸਥਾਵਾਂ ਨੂੰ ਰਜਿਸਟਡ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾ ਦੇ ਸਨਮੁੱਖ ਪੰਜਾਬ ਰਾਜ ਵਿੱਚ 3 ਤੋਂ 6 ਸਾਲ ਦੇ ਬੱਚਿਆਂ ਲਈ ਈ.ਸੀ.ਸੀ.ਈ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਦੀ ਵਿਭਾਗ ਵੱਲੋਂ ਰਜਿਸਟ ?ਰੇਸ਼ਨ ਹੋਣੀ ਲਾਜ਼ਮੀ ਕੀਤੀਆਂ ਗਈਆਂ ਹਨ। ਸ੍ਰੀਮਤੀ ਬਲਜੀਤ ਕੌਰ ਬਾਲ ਵਿਕਾਸ ਪ੍ਰੋਜੈਕਟ ਅਫਸਰ, ਦੋਰਾਹਾ ਨੇ ਕਿਹਾ ਕਿ ਬਲਾਕ ਖੰਨਾ ਅਧੀਨ ਆਉਂਦੇ ਸਾਰੇ ਪ੍ਰਾਈਵੇਟ ਪਲੇਅ-ਵੇ ਸਕੂਲਾਂ ਦੇ ਮੁਖੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਤੁਰੰਤ ਸਕੂਲਾਂ ਦੀ ਰਜਿਸਟ ?ਰੇਸ਼ਨ ਕਰਵਾਉਣੀ ਯਕੀਨੀ ਬਣਾਈ ਜਾਵੇ। ਇਸ ਸਬੰਧੀ ਜਾਣਕਾਰੀ ਵਿਭਾਗ ਦੀ ਵੈਬਸਾਈਟ Sswcd.punjab.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਪਲੇਅ-ਵੇ ਸਕੂਲਾਂ ਦੀ ਰਜਿਸਟ ?ਰੇਸ਼ਨ ਜਿਲ੍ਹਾ ਪ੍ਰੋਗਰਾਮ ਅਫਸਰ, ਲੁਧਿਆਣਾ ਜੀ ਦੇ ਦਫਤਰ ਸਮਾਜ ਭਲਾਈ ਕੰਪਲੈਕਸ, ਸ਼ਿਮਲਾਪੁਰੀ ਚੌਂਕ, ਗਿੱਲ ਨਹਿਰ, ਲੁਧਿਆਣਾ ਵਿਖੇ ਹੋਵੇਗੀ। ਬਿਨ੍ਹਾਂ ਰਜਿਸਟ ?ਰੇਸ਼ਨ ਚੱਲਣ ਵਾਲੇ ਪਲੇਅ ਵੇ ਸਕੂਲਾਂ ਦੇ ਖਿਲਾਫ ਵਿਭਾਗ ਵੱਲੋਂ ਬਣਦੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।




# ਐਸ. ਏ. ਐਸ. ਨਗਰ ਨੂੰ ਪੰਜਾਬ ਰਾਜ ਵਿੱਚ ਏ. ਸੀ. ਪੀ. ਪ੍ਰਾਪਤੀ ਵਿੱਚ ਪਹਿਲਾ ਸਥਾਨ ਮਿਲਿਆ- ਏ ਡੀ ਸੀ ਸੋਨਮ ਚੌਧਰੀ

**ਮੋਹਾਲੀ /ਅਸ਼ੋਕ ਜੋਸ਼ੀ**

ਜ਼ਿਲ੍ਹਾ ਸਲਾਹਕਾਰ ਕਮੇਟੀ (ਡੀ. ਸੀ. ਸੀ.) ਦੀ ਮੀਟਿੰਗ ਅੱਜ ਪੰਜਾਬ ਨੈਸ਼ਨਲ ਬੈਂਕ, ਲੀਡ ਬੈਂਕ, ਐਸ. ਏ. ਐਸ. ਨਗਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ. ਏ. ਐਸ. ਨਗਰ ਵਿਖੇ ਕਰਵਾਈ ਗਈ ਜੋ ਮਾਰਚ 2025 ਨੂੰ ਖਤਮ ਹੋਣ ਵਾਲੀ ਤਿਮਾਹੀ ਲਈ ਬੈਂਕਾਂ ਦੀ ਪ੍ਰਗਤੀ ਦੀ ਸਮੀਖਿਆ ਕਰਨ ਵਾਸਤੇ ਸੀ। ਇਸ ਵਿੱਚ ਜ਼ਿਲ੍ਹੇ ਦੇ ਸਾਰੇ ਬੈਂਕਾਂ ਅਤੇ ਸਾਰੇ ਸਬੰਧਤ ਵਿਭਾਗਾਂ ਦੇ ਜ਼ਿਲ੍ਹਾ ਕੋਆਰਡੀਨੇਟਰਾਂ ਨੇ ਹਿੱਸਾ ਲਿਆ।

ਮੀਟਿੰਗ ਦੀ ਪ੍ਰਧਾਨਗੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਐਸ. ਏ. ਐਸ. ਨਗਰ ਸ੍ਰੀਮਤੀ ਸੋਨਮ ਚੌਧਰੀ ਨੇ ਕੀਤੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਬੈਂਕਰਾਂ ਨੂੰ ਪਹਿਲਾ ਸਥਾਨ ਪ੍ਰਾਪਤ ਕਰਨ ਲਈ ਵਧਾਈ ਦਿੱਤੀ। 31.03.2025 ਨੂੰ ਖਤਮ ਹੋਏ ਵਿੱਤੀ ਸਾਲ ਲਈ ਆਪਣੇ ਏ ਸੀ ਪੀ ਟੀਚਿਆਂ ਦੇ 110% ਦੇ ਨਾਲ ਸ਼ਾਨਦਾਰ ਪ੍ਰਾਪਤੀ ਦੇ ਨਾਲ ਜ਼ਿਲ੍ਹਾ ਪੰਜਾਬ ਰਾਜ ਵਿੱਚ ਪਹਿਲੇ ਸਥਾਨ 'ਤੇ ਹੈ। ਉਨ੍ਹਾਂ ਬੈਂਕਾਂ ਨੂੰ ਸਲਾਹ ਦਿੱਤੀ ਕਿ ਉਹ ਆਉਣ ਵਾਲੇ ਸਾਲ ਵਿੱਚ ਵੀ ਇਸ ਪ੍ਰਗਤੀ ਨੂੰ ਜਾਰੀ ਰੱਖਣ। ਉਨ੍ਹਾਂ ਨੇ ਸਲਾਨਾ ਕ੍ਰੈਡਿਟ ਯੋਜਨਾ 2024-25 ਦੇ ਤਹਿਤ ਵਿੱਤੀ ਸਾਲ 2024-25 ਲਈ ਸਾਰੇ ਬੈਂਕਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਬੈਂਕਰਾਂ ਨੂੰ ਸਾਰੀਆਂ ਸਰਕਾਰੀ ਸਪਾਂਸਰਡ ਸਕੀਮਾਂ ਦੇ ਤਹਿਤ ਲੰਬਿਤ ਅਰਜ਼ੀਆਂ ਪ੍ਰਤੀ ਇੱਕ ਹਮਦਰਦੀਪੂਰਨ ਪਹੁੰਚ ਬਣਾਈ ਰੱਖਣ ਲਈ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਵੱਖ-ਵੱਖ ਸਮਾਜਿਕ ਸੁਰੱਖਿਆ ਯੋਜਨਾਵਾਂ ਅਧੀਨ ਜ਼ਿਲ੍ਹਾ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਬੈਂਕਰ ਭਾਈਚਾਰੇ ਤੋਂ ਮਿਸ਼ਨ ਮੋਡ ਪਹੁੰਚ ਦੀ ਲੋੜ ? ਹੈ। ਉਨ੍ਹਾਂ ਸਾਰੇ ਬੈਂਕਰਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਉਹ ਸਰਕਾਰੀ ਸਪਾਂਸਰਡ ਸਕੀਮਾਂ ਤਹਿਤ ਪ੍ਰਾਪਤ ਹੋਈਆਂ ਸਾਰੀਆਂ ਅਰਜ਼ੀਆਂ ਦਾ ਪਹਿਲ ਦੇ ਅਧਾਰ 'ਤੇ ਨਿਪਟਾਰਾ ਯਕੀਨੀ ਬਣਾਉਣ।

ਸ਼੍ਰੀ ਪੰਕਜ ਆਨੰਦ ਡੀਜੀਐਮ (ਸਰਕਲ ਹੈੱਡ) ਪੰਜਾਬ ਨੈਸ਼ਨਲ ਬੈਂਕ ਨੇ ਏਡੀਸੀ (ਡੀ) ਸ਼੍ਰੀਮਤੀ ਸੋਨਮ ਚੌਧਰੀ ਅਤੇ ਆਰਬੀਆਈ ਅਤੇ ਨਾਬਾਰਡ ਦੇ ਹੋਰ ਅਧਿਕਾਰੀਆਂ ਦਾ ਸਵਾਗਤ ਕੀਤਾ। ਉਨ੍ਹਾਂ ਬੈਂਕਾਂ ਨੂੰ ਭਾਰਤ ਸਰਕਾਰ ਦੇ ਮਾਪਦੰਡਾਂ ਅਨੁਸਾਰ ਤਰਜੀਹੀ ਖੇਤਰ ਦੇ ਸਾਰੇ ਮਹੱਤਵਪੂਰਨ ਖੇਤਰਾਂ ਵਿੱਚ ਆਪਣੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਲਈ ਕਿਹਾ। ਉਨ੍ਹਾਂ ਨੇ ਸਾਰੇ ਬੈਂਕਾਂ ਦੁਆਰਾ ਸੀ ਡੀ ਅਨੁਪਾਤ ਦੇ ਘੱਟੋ-ਘੱਟ ਪੱਧਰ ਨੂੰ ਕਾਇਮ ਰੱਖਣ 'ਤੇ ਵੀ ਜ਼ੋਰ ਦਿੱਤਾ।

ਭਾਰਤੀ ਰਿਜ਼ਰਵ ਬੈਂਕ ਦੇ ਸ਼੍ਰੀ ਦੀਪਕ ਸਿੰਗਲਾ ਨੇ ਬੈਂਕਾਂ ਨੂੰ ਸਲਾਹ ਦਿੱਤੀ ਕਿ ਉਹ ਬੱਚਤ ਅਤੇ ਚਾਲੂ ਖਾਤੇ ਦੇ ਹਿੱਸੇ ਵਿੱਚ 100% ਡਿਜੀਟਲਾਈਜੇਸ਼ਨ 'ਤੇ ਵਧੇਰੇ ਧਿਆਨ ਦੇਣ। ਉਨ੍ਹਾਂ ਇਹ ਵੀ ਕਿਹਾ ਕਿ ਬੈਂਕ ਸ਼ਾਖਾਵਾਂ ਨੂੰ ਭਾਰਤੀ ਰਿਜ਼ਰਵ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਨੇ ਗ੍ਰਾਮੀਣ ਲੋਕਾਂ ਵਿੱਚ ਵਿੱਤੀ ਸਾਖਰਤਾ ਅਤੇ ਡਿਜੀਟਲ ਜਾਗਰੂਕਤਾ ਵਧਾਉਣ 'ਤੇ ਵੀ ਧਿਆਨ ਕੇਂਦ੍ਰਿਤ ਕੀਤਾ।

ਸ਼੍ਰੀਮਤੀ ਆਂਚਲ ਸ਼ਰਮਾ ਡੀ. ਡੀ. ਐੱਮ. ਨਾਬਾਰਡ ਨੇ ਖੇਤੀਬਾੜ ?ੀ ਖੇਤਰ ਵਿੱਚ ਕੁਝ ਬੈਂਕਾਂ ਦੀ ਘੱਟ ਪ੍ਰਾਪਤੀ 'ਤੇ ਵੀ ਆਪਣੀ ਚਿੰਤਾ ਜ਼ਾਹਰ ਕੀਤੀ।

ਸਟੇਟ ਡਾਇਰੈਕਟਰ ਆਰ. ਐਸ. ਈ. ਟੀ. ਆਈ. ਐੱਸ. ਉਪਕਾਰ ਸਿੰਘ, ਡਾਇਰੈਕਟਰ ਆਰ. ਐਸ. ਈ. ਟੀ. ਆਈ. ਅਮਨਦੀਪ ਸਿੰਘ, ਜ਼ਿਲ੍ਹਾ ਕੋਆਰਡੀਨੇਟਰ, ਮੀਟਿੰਗ ਵਿੱਚ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਐੱਮ. ਕੇ. ਭਾਰਦਵਾਜ ਮੁੱਖ ਐੱਲ. ਡੀ. ਐੱਮ. ਨੇ ਦੱਸਿਆ ਕਿ ਜ਼ਿਲ੍ਹੇ ਨੇ 110% ਪ੍ਰਾਪਤੀ ਦੇ ਨਾਲ ਸਲਾਨਾ ਕ੍ਰੈਡਿਟ ਪਲਾਨ (ਏ. ਸੀ. ਪੀ.) ਦੇ ਟੀਚੇ ਪ੍ਰਾਪਤ ਕੀਤੇ ਹਨ ਅਤੇ ਪੂਰੇ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਨੇ ਸਾਰੇ ਬੈਂਕਾਂ ਨੂੰ ਉਨ੍ਹਾਂ ਦੀ ਪ੍ਰਾਪਤੀ ਲਈ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਕ੍ਰੈਡਿਟ ਡਿਪਾਜ਼ਿਟ (ਸੀਡੀ) ਅਨੁਪਾਤ 60% ਦੇ ਰਾਸ਼ਟਰੀ ਟੀਚੇ ਦੇ ਮੁਕਾਬਲੇ 104% ਹੈ।

ਸਾਰੇ ਬੈਂਕਾਂ ਨੂੰ ਸਲਾਹ ਦਿੱਤੀ ਗਈ ਕਿ ਉਹ ਭਾਰਤ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਤਹਿਤ ਵੱਧ ਤੋਂ ਵੱਧ ਬਿਨੈਕਾਰਾਂ ਨੂੰ ਰਜਿਸਟਰ ਕਰਨ। ਸ਼੍ਰੀ ਐੱਮ. ਕੇ. ਭਾਰਦਵਾਜ ਨੇ ਪ੍ਰਾਈਵੇਟ ਸੈਕਟਰ ਦੇ ਬੈਂਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਰਕਾਰ ਦੁਆਰਾ ਸ਼ੁਰੂ ਕੀਤੀਆਂ ਗਈਆਂ ਸਮਾਜਿਕ ਸੁਰੱਖਿਆ ਯੋਜਨਾਵਾਂ 'ਤੇ ਵਿਸ਼ੇਸ਼ ਧਿਆਨ ਦੇਣ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾ ਸ਼ਾਮਿਲ ਹਨ। ਸ਼੍ਰੀ ਭਾਰਦਵਾਜ ਨੇ ਸਾਰੇ ਸਪਾਂਸਰਡ ਕੇਸਾਂ ਦੀ ਲੰਬਿਤਤਾ ਬਾਰੇ ਚਰਚਾ ਕੀਤੀ। ਬੈਂਕਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਏ. ਆਈ. ਐੱਫ. ਸਕੀਮ ਦੀਆਂ ਸਾਰੀਆਂ ਅਰਜ਼ੀਆਂ ਨੂੰ ਨਿਯਮਤ ਅਧਾਰ 'ਤੇ ਪਾਸ ਕਰਨ।

ਐੱਲ. ਡੀ. ਐੱਮ. ਨੇ ਏ. ਡੀ. ਸੀ. (ਡੀ) ਦਾ ਉਨ੍ਹਾਂ ਦੇ ਵਡਮੁੱਲੇ ਮਾਰਗਦਰਸ਼ਨ ਲਈ ਧੰਨਵਾਦ ਕੀਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਭਰੋਸਾ ਦਿਵਾਇਆ ਕਿ ਬੈਂਕ ਸਾਰੇ ਸਰਕਾਰੀ ਯੋਜਨਾਵਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ ਅਤੇ ਆਉਣ ਵਾਲੇ ਵਿੱਤੀ ਸਾਲ ਵਿੱਚ ਵੀ ਜ਼ਿਲ੍ਹੇ ਦੇ ਸਾਰੇ ਤਰਜੀਹੀ ਖੇਤਰ ਦੇ ਟੀਚਿਆਂ ਨੂੰ ਪ੍ਰਾਪਤ ਕਰਨਗੇ।



# ਉਦਯੋਗਿਕ ਸਿਖਲਾਈ ਸੰਸਥਾ ਹੁਸ਼ਿਆਰਪੁਰ 'ਚ ਕਿੱਤਾ ਮੁੱਖੀ ਤਕਨੀਕੀ ਸਿਖਲਾਈ 'ਚ ਆਇਆ ਨਿਘਾਰ

## ਲੋਕ ਭਲਾਈ ਸਕੀਮਾਂ ਫੇਲ੍ਹ ਕਰਨ ਲਈ ਜ਼ਿੰਮੇਵਾਰ ਕੌਣ, ਭ੍ਰਿਸ਼ਟਾਚਾਰੀ ਨੀਤੀਆਂ, ਰਾਜਨੀਤਿਕ ਲੋਕ ਜਾਂ ਅ.ਫਸਰਸ਼ਾਹੀ ?

**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਸਮੁੱਚੇ ਭਾਰਤ ਵਿੱਚ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਉਦਯੋਗਾਂ ਲਈ ਸਕਿੱਲਡ ਵਰਕਰ ਪੈਦਾ ਕਰਨ ਲਈ ਸਥਾਪਿਤ ਸੰਸਥਾਵਾਂ ਚੋਂ ਉੱਘੀ ਸੰਸਥਾ ਉਦਯੋਗਿਕ ਸਿਖਲਾਈ ਕੇਂਦਰ (ਸਰਕਾਰੀ ਆਈਟੀਆਈ) ਹੁਸ਼ਿਆਰਪੁਰ ਹੁਣ ਵੇਲਾ ਵਿਹਾ ਚੁੱਕੀ ਹੋਣ ਦੇ ਨਾਲ ਨਾਲ ਭ੍ਰਿਸ਼ਟਾਚਾਰ ਦਾ ਵੱਡਾ ਕੇਂਦਰ ਬਣ ਕੇ ਰਹਿ ਗਈ ਹੈ, ਕਿਸੇ ਸਮੇਂ ਇਸ ਨਾਮਵਰ ਸੰਸਥਾ ਵਿੱਚ 56 ਵੱਖ-ਵੱਖ ਟ ?ਰੇਡਾਂ ਵਿੱਚ ਕਿੱਤਾ ਮੁੱਖੀ ਤਕਨੀਕੀ ਸਿਖਲਾਈ ਦਿੱਤੀ ਜਾਂਦੀ ਰਹੀ ਹੈ। ਇਸ ਸੰਸਥਾ ਦੇ ਇਮਾਨਦਾਰ ਅਤੇ ਮਿਹਨਤੀ ਸਟਾਫ ਦੀ ਯੋਗ ਅਗਵਾਈ ਨਾਲ ਸਿਖਿਆਰਥੀਆਂ ਨੇ ਜਿੱਥੇ ਕਿੱਤਾ ਮੁੱਖੀ ਤਕਨੀਕੀ ਸਿੱਖਿਆ ਪ੍ਰਾਪਤ ਕਰਨ ਵਿੱਚ ਹਿੰਦੁਸਤਾਨ ਅਤੇ ਪੰਜਾਬ ਪੱਧਰ ਤੇ ਮੱਲਾਂ ਮਾਰੀਆਂ ਉੱਥੇ ਖੇਡਾਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਵੀ ਸਮੁੱਚੇ ਪੰਜਾਬ ਚੋਂ ਪਹਿਲੇ ਨੰਬਰ ਤੇ ਆ ਕੇ ਸੰਸਥਾ ਦਾ ਨਾਂ ਰੋਸ਼ਨ ਕੀਤਾ। ਪੰਜਾਬ ਭਰ ਦੀਆਂ ਇਨ੍ਹਾਂ ਸੰਸਥਾਵਾਂ ਵਿੱਚ ਘੱਟ ਪੜ੍ਹੇ ਲਿਖੇ ਨੌਜਵਾਨ ਤੇ ਗਰੀਬ ਪਰਿਵਾਰਾਂ ਨਾਲ ਸਬੰਧਤ ਸਿਖਿਆਰਥੀ ਸੰਨ 1993 ਤੱਕ ਮੁਫਤ ਕਿੱਤਾ ਮੁਖੀ ਸਿਖਲਾਈ ਪ੍ਰਾਪਤ ਕਰਦੇ ਰਹੇ। ਇਹ ਉਹ ਸਮਾਂ ਸੀ ਜਦੋਂ ਦੇਸ਼ ਦੀ ਵਿਕਾਸ ਦਰ ਕੇਵਲ 2% ਪ੍ਰਤੀਸ਼ਤ ਦੱਸੀ ਜਾਂਦੀ ਸੀ। ਉਸ ਵਕਤ ਵੱਖ ਵੱਖ ਟ ?ਰੇਡਾਂ ਦੇ ਕਰੀਬ ਸਾਰੇ ਹੀ ਸਿਖਿਆਰਥੀਆਂ ਨੂੰ ਕਿਸੇ ਨਾ ਕਿਸੇ ਸਕੀਮ ਤਹਿਤ ਵਜੀਫਾ ਵੀ ਦਿੱਤਾ ਜਾਂਦਾ ਸੀ। ਸਿਖਿਆਰਥੀਆਂ ਦੀ ਸਿਖਲਾਈ ਲਈ ਸਟੇਸ਼ਨਰੀ ਦੇ ਨਾਲ ਨਾਲ ਪ੍ਰੈਕਟੀਕਲ ਸਿਖਲਾਈ ਲਈ ਸਰਕਾਰ ਵੱਲੋਂ ਵੱਡੇ ਪੱਧਰ ਤੇ ਫੰਡ ਮੁਹਈਆ ਕਰਵਾਏ ਜਾਂਦੇ ਸਨ। ਜਿਸ ਕਰਕੇ ਸਿਖਿਆਰਥੀ ਵਧੀਆ ਸਿਖਲਾਈ ਪ੍ਰਾਪਤ ਕਰਦੇ ਅਤੇ ਸਰਕਾਰੀ ਨੌਕਰੀਆਂ ਦੇ ਨਾਲ ਨਾਲ ਵਧੀਆ ਵੱਡੇ ਕਾਰਖਾਨਿਆਂ ਵਿੱਚ ਵੀ ਨੌਕਰੀਆਂ ਪ੍ਰਾਪਤ ਕਰਕੇ ਜਾਂ ਸਵੈ ਰੁਜਗਾਰ ਸਥਾਪਤ ਕਰਕੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਅਤੇ ਗੁਜ਼ਾਰਾ ਵਧੀਆ ਢੰਗ ਨਾਲ ਕਰਦੇ ਸਨ। 90 ਦੇ ਦਹਾਕੇ ਤੋਂ ਬਾਅਦ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਉਦਯੋਗਿਕ ਸਿਖਲਾਈ ਲਈ ਫੰਡ ਘੱਟ ਅਲਾਟ ਕਰਨ ਦੀ ਪ੍ਰਥਾ ਸ਼ੁਰੂ ਹੋ ਚੁੱਕੀ ਸੀ। ਫਿਰ ਰਾਜ ਸਰਕਾਰ ਨੇ 1994 ਵਿੱਚ 450/- ਰੁਪਏ, 2000 ਸੰਨ ਵਿੱਚ 3000/- ਅਤੇ ਸਾਲ 2001 ਵਿੱਚ 3450/- ਰੁਪਏ ਪ੍ਰਤੀ ਸਾਲ ਫੀਸ ਲੈ ਕੇ ਕਿੱਤਾ ਮੁਖੀ ਸਿਖਲਾਈ ਦੇਣੀ ਸ਼ੁਰੂ ਕੀਤੀ। ਫਿਰ ਵੀ ਸਿਖਿਆਰਥੀ ਵੱਡੇ ਪੱਧਰ ਤੇ ਕਿੱਤਾ ਮੁਖੀ ਉਦਯੋਗਿਕ ਸਿੱਖਿਲਾਈ ਪ੍ਰਾਪਤ ਕਰਨ ਲਈ ਰੁਚੀ ਵਿਖਾਉਂਦੇ ਰਹੇ। ਮੋਟੀਆਂ ਫੀਸਾਂ ਲੈਣ ਦੇ ਬਾਵਜੂਦ ਵੀ ਸਰਕਾਰਾਂ ਵੱਲੋਂ ਨਵੀਂ ਤਕਨੀਕ ਅਨੁਸਾਰ ਨਵੀਂ ਮਸ਼ੀਨਰੀ, ਟੂਲਜ਼, ਇਕਊਪਮੈਂਟ ਅਤੇ ਪ੍ਰੈਕਟੀਕਲ ਸਿਖਲਾਈ ਲਈ ਕੱਚੇ ਮਾਲ ਦੀ ਖਰੀਦ ਵਾਸਤੇ ਲੋੜੀਦੇ ਫੰਡ ਮੁਹੱਈਆ ਨਹੀਂ ਕੀਤੇ ਜਾਂਦੇ ਰਹੇ ਅਤੇ ਨਾ ਹੀ ਸਿਖਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਰਹੇ ਹਨ। ਇਥੋਂ ਤੱਕ ਕਿ ਇਹਨਾਂ ਸੰਸਥਾਵਾਂ ਦੀਆਂ ਬਿਲਡਿੰਗਾਂ ਅਤੇ ਮਸ਼ੀਨਰੀ ਦੀ ਰਿਪੇਅਰ ਲਈ ਵੀਂ ਫੰਡ ਅਲਾਟ ਨਹੀਂ ਕੀਤੇ ਜਾਂਦੇ ਰਹੇ। ਜਿਸ ਕਰਕੇ ਇਹਨਾਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੀਆਂ ਵਰਕਸ਼ਾਪਾਂ ਅਤੇ ਬਿਲਡਿੰਗਾਂ ਦੀ ਹਾਲਤ ਅਜੋਕੇ ਸਮੇਂ ਵਿੱਚ ਬਹੁਤ ਹੀ ਮਾੜੀ ਹੋ ਚੁੱਕੀ ਹੈ।



### ਖਸਤਾ ਹਾਲਤ 'ਤੇ ਹੰਝੂ ਵਹਾ ਰਹੀ ਨਾਮਵਰ ਸੰਸਥਾ

ਕਿਸੇ ਸਮੇਂ ਉੱਤਰੀ ਭਾਰਤ ਦੇ ਨਾਮਵਾਰ ਸੰਸਥਾ ਰਹਿ ਚੁੱਕੀ ਆਈਟੀਆਈ ਹੁਸ਼ਿਆਰਪੁਰ ਹੁਣ ਆਪਣੀ ਖਸਤਾ ਹਾਲਤ ਹੰਝੂ ਵਹਾ ਰਹੀ ਹੈ। ਜਾਣਕਾਰੀ ਮਿਲਣ ਤੇ ਜਦੋਂ ਪੱਤਰਕਾਰਾਂ ਦੀ ਟੀਮ ਨੇ ਉਦਯੋਗਿਕ ਸਿਖਲਾਈ ਸੰਸਥਾ ਹੁਸ਼ਿਆਰਪੁਰ ਦਾ ਦੌਰਾ ਕੀਤਾ ਤਾਂ ਵੇਖਿਆ ਕਿ ਵਰਕਸ਼ਾਪ ਦੇ ਉੱਪਰ ਸ਼ੈਡ ਦੀਆਂ ਸੀਮੈਂਟਡ ਟੀਨਾ ਮਿਆਦ ਪੁਗਾ ਚੁੱਕੀਆਂ ਹੋਣ ਕਰਕੇ ਕਾਫੀ ਮਾਤਰਾ ਵਿੱਚ ਟੁੱਟ ਚੁੱਕੀਆਂ ਹਨ। ਇਹਨਾਂ ਟੁੱਟੀਆਂ ਟੀਨਾ ਰਾਹੀਂ ਧੁੱਪ, ਹਨੇਰੀ ਅਤੇ ਬਾਰਿਸ਼ ਨਾਲ ਮਸ਼ੀਨਾਂ ਖਰਾਬ ਹੋ ਰਹੀਆਂ ਹਨ,ਉਥੇ ਕਬੂਤਰ ਅਤੇ ਹੋਰ ਪੰਛੀ ਵੀ ਵਰਕਸ਼ਾਪ ਵਿਚ ਬਿਠਾਂ ਕਰਕੇ ਗੰਦਗੀ ਫੈਲਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਇਸੇ ਤਰ੍ਹਾਂ ਵਰਕਸ਼ਾਪ ਵਿੱਚ ਲੱਗੇ ਹੋਏ ਪੱਖੇ, ਐਗਜਾਸਟ ਫੈਨ ਅਤੇ ਲਾਈਟ ਟਿਊਬਾਂ ਵੀ ਖਰਾਬ ਪਏ ਹੋਏ ਹਨ। ਵਰਕਸ਼ਾਪਾਂ ਦੀ ਬਿਜਲੀ ਵਾਇਰਿੰਗ ਵੀ ਜਗ ?ਹਾ ਜਗ ?ਹਾ ਤੋਂ ਟੁੱਟੀ ਹੋਣ ਕਾਰਨ ਬੇਹਦ ਮਾੜੀ ਹੋ ਚੁੱਕੀ ਹੈ। 440 ਵੋਲਟੇਜ਼ ਦੀ ਸਪਲਾਈ ਹੋਣ ਕਾਰਨ ਕਿਸੇ ਵੇਲੇ ਵੀ ਮੰਦਭਾਗੀ ਘਟਨਾ ਵਾਪਰ ਸਕਦੀ ਹੈ। ਵਰਕਸ਼ਾਪ ਦੇ ਉਪਰ ਸੀਮੈਂਟਡ ਟੀਨਾ ਨਾ ਹੋਣ ਕਾਰਨ ਬਾਰਿਸ਼ ਦੇ ਪਾਣੀ ਨਾਲ ਵਰਕਸ਼ਾਪ ਵਿਚ ਪਈਆਂ ਮਸ਼ੀਨਾਂ ਵੀ ਜੰਗਾਲ ਲਗਣ ਨਾਲ ਖਰਾਬ ਹੋ ਰਹੀਆਂ ਹਨ। ਜਿਸ ਕਰਕੇ ਸਿਖਿਆਰਥੀਆਂ ਵਲੋਂ ਵਰਕਸ਼ਾਪ ਵਿੱਚ ਸਿਖਲਾਈ ਪ੍ਰਾਪਤ ਕਰਨਾ ਅਸੰਭਵ ਹੋ ਗਿਆ ਹੈ। ਸਫਾਈ ਸੇਵਕ ਨਾ ਹੋਣ ਕਾਰਨ ਵਰਕਸ਼ਾਪ ਅਤੇ ਵਾਸ਼ਰੂਮ ਦੀ ਸਫਾਈ ਵੀ ਸਹੀ ਢੰਗ ਨਾਲ ਨਹੀਂ ਹੁੰਦੀ। ਬਾਥਰੂਮ ਬਦਬੋ ਮਾਰ ਰਹੇ ਹਨ ਜਿਵੇਂ ਕਿਸੇ ਹਡਾਂਰੋੜੀ ਕੋਲੋ ਲੰਘ ਰਹੇ ਹੋਵੋਂ। ਇਨ੍ਹਾਂ ਮਸ਼ੀਨਾਂ ਦੀ ਸਾਫ ਸਫਾਈ ਤੇ ਸਾਂਭ ਸੰਭਾਲ ਲਈ ਵਰਕਸ਼ਾਪ ਅਟੈਂਡੈਂਟ ਮੁਲਾਜ਼ਮ ਹੁੰਦੇ ਸਨ ਜਿਨਾਂ ਦੇ ਰਿਟਾਇਰ ਹੋਣ ਉਪਰੰਤ ਇਹਨਾਂ ਮਸ਼ੀਨਾਂ ਦੀ ਸਾਫ-ਸਫਾਈ ਅਤੇ ਸਾਂਭ-ਸੰਭਾਲ ਨਾ ਹੋਣ ਕਾਰਨ ਕਰੋੜਾਂ ਦੀ ਕੀਮਤ ਦੀਆਂ ਮਸ਼ੀਨਾਂ ਦੀ ਹਾਲਤ ਦਿਨ ਪ੍ਰਤੀ ਦਿਨ ਮਾੜੀ ਹੁੰਦੀ ਜਾ ਰਹੀ ਹੈ। ਇਸੇ ਹੀ ਤਰ੍ਹਾਂ ਇੰਸਟਰਕਟਰ ਹੁਣ ਏਟੀਓ ਅਸਾਮੀ ਦੀ ਨਵੀਂ ਭਰਤੀ ਨਾ ਹੋਣ ਕਰਕੇ ਵੀ ਸਿਖਲਾਈ ਦਾ ਬੇਹੱਦ ਨੁਕਸਾਨ ਹੋ ਰਿਹਾ ਹੈ। ਨਵੇਂ ਰੈਗੂਲਰ ਸਟਾਫ ਦੀ ਭਰਤੀ ਨਾ ਹੋਣ ਕਾਰਨ ਕਰੋੜਾਂ ਦੀ ਮਸ਼ੀਨਰੀ ਬੇਕਾਰ ਹੁੰਦੀ ਜਾ ਰਹੀ ਅਤੇ ਗਰੀਬ ਪਰਿਵਾਰਾਂ ਦੇ ਸਿਖਿਆਰਥੀਆਂ ਤੋਂ ਮੋਟੀਆਂ ਫੀਸਾਂ ਲੈਣ ਦੇ ਬਾਵਜੂਦ ਵੀ ਮਿਆਰੀ ਕਿੱਤਾ ਮੁੱਖੀ ਸਿਖਲਾਈ ਨਹੀਂ ਦਿੱਤੀ ਜਾ ਰਹੀ। ਪੁਰਾਣੇ ਸਟਾਫ ਦੇ ਜਿਆਦਾ ਰਿਟਾਇਰ ਹੋਣ ਅਤੇ ਨਵੇਂ ਸਟਾਫ ਦੀਆਂ ਤਰੱਕੀਆਂ ਹੋਣ ਕਾਰਨ ਮੁਹਾਰਤ ਹਾਸਲ ਤਕਨੀਕੀ ਸਿਖਲਾਈ ਦੇਣ ਵਾਲੇ ਸਟਾਫ ਦੀ ਇਸ ਸਮੇਂ ਬਹੁਤ ਵੱਡੀ ਘਾਟ ਹੈ। ਮੋਟੀਆਂ ਫੀਸਾਂ ਲੈ ਕੇ ਘੱਟ ਤਨਖਾਹ ਤੇ ਅਯੋਗ ਮੁਲਾਜਮ ਗੈਸਟ ਫੈਕਲਟੀ ਤੇ ਭਰਤੀ ਕਰਕੇ ਮਿਆਰੀ ਕਿੱਤਾ ਮੁੱਖੀ ਤਕਨੀਕੀ ਸਿਖਲਾਈ ਦੇਣ ਦੀ ਬਜਾਏ ਸਮਾਂ ਕੱਢਿਆ ਜਾ ਰਿਹਾ ਹੈ।

### ਕੀ ਕਹਿੰਦੇ ਹਨ ਸੰਸਥਾ ਦੇ ਪ੍ਰਿੰਸੀਪਲ

ਸੰਸਥਾ ਅਤੇ ਸਿਖਲਾਈ ਦੀ ਖਸਤਾ ਹਾਲਤ ਸਬੰਧੀ ਜਦੋਂ ਸੰਸਥਾ ਦੇ ਪ੍ਰਿੰਸੀਪਲ ਰੁਪਿੰਦਰ ਸਿੰਘ ਗੁਰਾਇਆ ਨਾਲ ਰਾਬਤਾ ਕਰਨ 'ਤੇ ਉਨ੍ਹਾਂ ਬਤੌਰ ਗੈਸਟ ਫੈਕਲਟੀ ਸਟਾਫ ਦੀ ਨਵੀ ਭਰਤੀ ਕਰਨ,ਬਿਲਡਿੰਗ ਦੀ ਰਿਪੇਅਰ/ਰੈਨੋਵੇਸ਼ਨ ਅਤੇ ਸਿਖਲਾਈ ਲਈ ਲੋੜੀਦੇ ਫੰਡ ਸਰਕਾਰ ਪਾਸੋਂ ਮੰਗਣ ਲਈ ਸਮੇਂ ਸਮੇਂ ਤੇ ਕੀਤੀ ਕਾਰਵਾਈ ਦਾ ਜਿਕਰ ਕਰਦਿਆਂ ਆਪਣੀ ਜਿੰਮੇਵਾਰੀ ਤੋਂ ਪੱਲਾ ਝਾੜਦਿਆਂ ਕਿਹਾ ਕਿ ਜਦੋਂ ਸਰਕਾਰ ਵਲੋਂ ਉਨ੍ਹਾਂ ਨੂੰ ਵੱਖ ਵੱਖ ਕੰਮਾਂ ਲਈ ਫੰਡ ਮੁਹੱਈਆਂ ਕਰਵਾਏ ਜਾਣਗੇ ਤਾਂ ਉਹ ਇਸ ਸੰਸਥਾ ਅਤੇ ਸਿਖਲਾਈ ਦੀ ਬੇਹਤਰੀ ਲਈ ਕੋਈ ਕਸਰ ਬਾਕੀ ਨਹੀ ਰਹਿਣ ਦੇਣਗੇ।

ਵੇਖਣਾ ਹੁਣ ਇਹ ਹੋਵੇਗਾ ਕਿ ਮੌਜੂਦਾ ਰਾਜਨੀਤਕ ਢਾਂਚੇ ਅਧੀਨ ਕੇਂਦਰ ਤੇ ਰਾਜ ਸਰਕਾਰ ਇਨ੍ਹਾਂ ਪੁਰਾਣੀਆਂ ਉਦਯੋਗਿਕ ਸਿਖਲ਼ਾਈ ਸੰਸਥਾਵਾਂ ਦੀ ਕਿੱਤਾ ਮੁੱਖੀ ਤਕਨੀਕੀ ਸਿਖਲਾਈ ਦੀਆਂ ਕਦਰਾਂ ਕੀਮਤਾਂ ਨੂੰ ਬਹਾਲ ਕਰਨ ਲਈ ਸਮੇਂ ਸਿਰ ਫੰਡ ਮੁਹੱਈਆ ਕਰਵਾਉਣ ਲਈ ਕੋਈ ਵਿਸ਼ੇਸ਼ ਯੋਗਦਾਨ ਪਾਉਣਗੇ ? ਜਾਂ ਭ੍ਰਿਸ਼ਟ ਮਨਸੂਬਿਆਂ ਦੀ ਪੂਰਤੀ ਲਈ ਨਵੀਆਂ ਬਿਲਡਿੰਗਾਂ ਉਸਾਰ ਕੇ ਅਤੇ ਨਵੀਂ ਮਸ਼ੀਨਰੀ ਖ ?ਰੀਦ ਕਰਕੇ ਸਰਕਾਰੀ ਖਜ਼ਾਨੇ ਨੂੰ ਚੂਨਾ ਲਾਉਣ ਤੇ ਭੋਲੇਭਾਲੇ ਗਰੀਬ ਲੋਕਾਂ ਤੇ ਬੇਰੁਜਗਾਰ ਨੌਜਵਾਨਾਂ ਦੀ ਲੁੱਟ ਹੀਂ ਕਰਦੇ ਰਹਿਣਗੇ ।

# ਸਮਾਜਵਾਦੀ ਪਾਰਟੀ ਵੱਲੋਂ ਪੰਜਾਬ ਦੀ ਜਿਮਨੀ ਚੋਣ ਤੇ ਆਮ ਆਦਮੀ ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ "ਪੱਤਰਕਾਰ ਮਦਨ ਸ਼ਰਮਾ" ਸਮਾਜਵਾਦੀ

**ਮੋਹਾਲੀ /ਸਪਨਾ ਗਾਂਧੀ**

ਮੁਲਾਇਮ ਸਿੰਘ ਯਾਦਵ ਯੂਥ ਬ੍ਰਿਗੇਡ ਪੰਜਾਬ ਦੇ ਪ੍ਰਧਾਨ ਪੱਤਰਕਾਰ ਮਦਨ ਸ਼ਰਮਾ ਵੱਲੋਂ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਹੈ ਕਿ ਸਮਾਜਵਾਦੀ ਪਾਰਟੀ ਦੇ ਮਹਾ ਸਚਿਵ ਸ੍ਰੀ ਰਾਮ ਗੋਪਾਲ ਯਾਦਵ ਅਤੇ ਡਾਕਟਰ ਰੋਮਾ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਤੇ ਪੰਜਾਬ ਵਿੱਚ 19 ਜੂਨ ਨੂੰ ਲੁਧਿਆਣਾ ਦੀ ਜਿਮਨੀ ਚੋਣ ਤੇ ਹੋ ਰਹੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਆਪਣਾ ਭਰਪੂਰ ਸਹਿਯੋਗ ਦੇਣ ਦੇ ਆਦੇਸ਼ ਜਾਰੀ ਹੋਏ ਹਨ ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਹਨਾਂ ਨੇ ਕਿਹਾ ਹੈ ਪਾਰਟੀ ਵੱਲੋਂ ਜੋ ਆਦੇਸ਼ ਜਾਰੀ ਹੋਏ ਹਨ ਉਹਨਾਂ ਨੂੰ ਸਿਰ ਮੱਥੇ ਰੱਖਦੇ ਹੋਏ ਉਹ ਬਹੁਤ ਜਲਦ ਹੀ ਡੇਰਾਬੱਸੀ ਤੋਂ ਆਪਣੀ ਟੀਮ ਦੇ ਨਾਲ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਦੇ ਸਹਿਯੋਗ ਨਾਲ ਲੁਧਿਆਣਾ ਜਿਮਨੀ ਚੋਣ ਤੇ ਆਮ ਆਦਮੀ ਪਾਰਟੀ ਦੇ ਕੈਂਡੀਡੇਟ ਸ੍ਰੀ ਸੰਜੀਵ ਅਰੋੜਾ ਲਈ ਲੁਧਿਆਣਾ ਆਪਣੇ ਸਮਰਥਕਾਂ ਨਾਲ ਘਰ ਘਰ ਜਾ ਕੇ ਵੋਟ ਮੰਗਣਗੇ ਅਤੇ ਉਹਨਾਂ ਨੂੰ ਹਰ ਹਿਲੇ ਜਿੱਤ ਪ੍ਰਾਪਤ ਕਰਵਾਉਣ ਲਈ ਪਰਮਾਤਮਾ ਅੱਗੇ ਅਰਦਾਸ ਵੀ ਕਰਨਗੇ ਉਹਨਾਂ ਕਿਹਾ ਕਿ ਦਿਨੋ ਦਿਨ ਹੀ ਪੰਜਾਬ ਵਿੱਚ ਸਮਾਜਵਾਦੀ ਪਾਰਟੀ ਦਾ ਸਤਰ ਉੱਚਾ ਹੁੰਦਾ ਜਾ ਰਿਹਾ ਹੈ ਅਤੇ 2027 ਦੀਆਂ ਇਲੈਕਸ਼ਨਾਂ ਸਮਾਜਵਾਦੀ ਪਾਰਟੀ ਵੱਲੋਂ ਇੰਡੀਆ ਗਠਬੰਧਨ ਦੇ ਤਹਿਤ ਆਪਣੇ ਉਮੀਦਵਾਰ ਪੰਜਾਬ ਵਿੱਚ ਉਤਾਰਨ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ ਅਤੇ ਕਈ ਸੀਟਾਂ ਤੇ ਗੱਲਬਾਤ ਚੱਲ ਰਹੀ ਹੈ ਜਿਸ ਤੇ ਡੇਰਾ ਬੱਸੀ ਦੀ ਸੀਟ ਗਠਬੰਧਨ ਦੇ ਵਿਨਰ ਹੇਠ ਲੜਨ ਦੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਹਨ ਜਿਸ ਵਿੱਚ ਹਲਕਾ ਡੇਰਾਬੱਸੀ ਤੋਂ ਖੁਦ ਪੱਤਰਕਾਰ ਮਦਨ ਸ਼ਰਮਾ ਉਮੀਦਵਾਰ ਦੇ ਤੌਰ ਤੇ ਆਪਣੀ ਭੂਮਿਕਾ ਨਿਭਾਉਣਗੇ ਅਤੇ ਇਸ ਵਾਰ 207 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾ ਝਾੜੂ ਸਾਈਕਲ ਤੇ ਸਵਾਰ ਹੋ ਕੇ ਇਸ ਲਈ ਹਲਕਾ ਡੇਰਾਬੱਸੀ ਦੇ ਹਰ ਵਿਅਕਤੀ ਨੂੰ ਉਨਾਂ ਨੇ ਸਾਥ ਦੇਣ ਦੀ ਅਪੀਲ ਕੀਤੀ ਹੈ।

# ਆਧੁਨਿਕ ਮਸ਼ੀਨਾਂ ਦੀ ਖਰੀਦ ਵਾਇਸ ਚਾਂਸਲਰ ਡਾ. ਸੂਦ ਦੀ ਦੂਰ ਅੰਦੇਸ਼ੀ ਦਾ ਸਬੂਤ : ਢੋਸੀਵਾਲ

**ਸ਼੍ਰੀ ਮੁਕਤਸਰ ਸਾਹਿਬ**

ਮਾਲਵਾ ਖੇਤਰ ਦੀ ਇਕੋ ਇਕ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਮੌਜੂਦਾ ਵਾਇਸ ਚਾਂਸਲਰ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਯੂਰੋਲੋਜਿਸਟ ਡਾ. ਰਾਜੀਵ ਸੂਦ ਨੇ ਆਪਣਾ ਅਹੁਦਾ ਸੰਭਾਲਦਿਆਂ ਹੀ ਯੂਨੀਵਰਸਿਟੀ ਦੇ ਕੰਮ ਕਾਰਜ ਵਿੱਚ ਸੁਧਾਰ ਲਿਆਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਨਿਰਧਾਰਤ ਸੇਵਾ ਸ਼ਰਤਾਂ ਪੂਰੀਆਂ ਕਰਨ ਵਾਲੇ ਯੋਗ ਕਰਮਚਾਰੀਆਂ ਦੀ ਪ੍ਰਮੋਸ਼ਨਾਂ ਅਤੇ ਵੱਖ ਵੱਖ ਵਿਭਾਗਾਂ ਵਿੱਚ ਨਵੀਆਂ ਨਿਯੁਕਤੀਆਂ ਕਰਕੇ ਡਾ. ਸੂਦ ਨੇ ਇਤਿਹਾਸਕ ਕੰਮ ਕੀਤਾ ਹੈ। ਐਨਾ ਹੀ ਨਹੀਂ ਡਾ. ਸੂਦ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਯੂਨੀਵਰਸਿਟੀ ਨੂੰ ਪਲਾਸਟਿਕ ਅਤੇ ਪ੍ਰਦੂਸ਼ਣ ਮੁਕਤ ਕਰਾਇਆ ਗਿਆ ਹੈ। ਅੰਤਰ ਰਾਸ਼ਟਰੀ ਪੱਧਰ 'ਤੇ ਯੂਨੀਵਰਸਿਟੀ ਨੂੰ ਗਰੀਨ ਯੂਨੀਵਰਸਿਟੀ ਦਾ ਖਿਤਾਬ ਵੀ ਮਿਲ ਚੁੱਕਾ ਹੈ। ਕੋਈ ਵੀ ਕਰਮਚਾਰੀ/ਅਧਿਕਾਰੀ ਜਾਂ ਆਮ ਵਿਅਕਤੀ ਵਾਇਸ ਚਾਂਸਲਰ ਡਾ. ਸੂਦ ਨੂੰ ਬੇਝਿਜਕ ਹੋ ਕੇ ਦਫਤਰੀ ਸਮੇਂ ਵਿਚ ਉਨ੍ਹਾਂ ਨੂੰ ਮਿਲ ਸਕਦਾ ਹੈ। ਦਫਤਰੀ ਅਤੇ ਪ੍ਰਬੰਧਕੀ ਕਾਰਜ ਕੁਸ਼ਲਤਾ ਲਈ ਡਾ. ਸੂਦ ਦੇ ਕਾਰਜਕਾਲ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਟ ਟਰੱਸਟ) ਦੇ ਸੰਸਥਾਪਕ ਚੇਅਰਮੈਨ ਅਤੇ ਆਲ ਇੰਡੀਆ ਐਸ.ਸੀ./ਬੀ.ਸੀ./ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਅੱਜ ਇਥੇ ਮੰਚ ਦੇ ਮੁੱਖ ਦਫਤਰ ਤੋਂ ਉਕਤ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਵਾਇਸ ਚਾਂਸਲਰ ਡਾ. ਰਾਜੀਵ ਸੂਦ ਨੂੰ ਵਧਾਈ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿਖੇ ਐਮ.ਆਰ.ਆਈ. ਸਮੇਤ ਹੋਰ ਉੱਚ ਤਕਨੀਕੀ ਮਸ਼ੀਨਾਂ ਖਰੀਦੀਆਂ ਗਈਆਂ ਹਨ। ਅਜਿਹੀਆਂ ਮਸ਼ੀਨਾਂ ਪੰਜਾਬ ਦੇ ਹੋਰ ਕਿਸੇ ਵੀ ਹਸਪਤਾਲ ਵਿੱਚ ਨਹੀਂ ਹਨ। ਇਹ ਮਸ਼ੀਨਾਂ ਮਰੀਜਾਂ ਲਈ ਬੇਹੱਦ ਲਾਭਦਾਇਕ ਅਤੇ ਜਾਨ ਬਚਾਊ ਹਨ। ਪ੍ਰਧਾਨ ਢੋਸੀਵਾਲ ਨੇ ਇਨ੍ਹਾਂ ਮਸ਼ੀਨਾਂ ਦੀ ਖਰੀਦ ਨੂੰ ਵੀ.ਸੀ. ਦੀ ਮਰੀਜਾਂ ਪ੍ਰਤੀ ਹਮਦਰਦੀ ਵਾਲੀ ਗੰਭੀਰ ਸੋਚ ਦੂਰ ਅੰਦੇਸ਼ੀ ਦਾ ਸਬੂਤ ਦੱਸਿਆ ਹੈ। ਢੋਸੀਵਾਲ ਨੇ ਅੱਗੇ ਇਹ ਵੀ ਕਿਹਾ ਹੈ ਕਿ ਡਾ. ਸੂਦ ਨੇ ਹਸਪਤਾਲ ਦੇ ਮਰੀਜਾਂ ਲਈ ਹੋਰ ਵੀ ਪ੍ਰਸ਼ੰਸਾ ਯੋਗ ਅਤੇ ਜੀਵਨ ਵਰਧਕ ਕਾਰਜ ਕੀਤੇ ਹਨ। ਉਨ੍ਹਾਂ ਅੱਗੇ ਕਿਹਾ ਹੈ ਕਿ ਯੂਨੀਵਰਸਿਟੀ ਵਿੱਚ ਕੀਤੇ ਪ੍ਰਬੰਧਕੀ ਅਤੇ ਪ੍ਰਸ਼ਾਸਨਿਕ ਸੁਧਾਰਾ ਅਤੇ ਉਕਤ ਹਸਪਤਾਲ ਦੀ ਹਾਲਤ ਵਿੱਚ ਬੇਮਿਸਲ ਸੁਧਾਰ ਕਰਨ ਲਈ ਏਕਤਾ ਭਲਾਈ ਮੰਚ ਦਾ ਇੱਕ ਵਫਦ ਜਲਦੀ ਹੀ ਡਾ. ਸੂਦ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਵਧਾਈ ਦੇਵੇਗਾ।



# ਚੰਡੀਗੜ੍ਹ ਯੂਨੀਵਰਸਿਟੀ 'ਚ ਪਹਿਲੇ ਤਿੰਨ ਰੋਜ਼ਾ ਸੀਯੂ ਸਕਾਲਰਜ਼ ਸਮਿਟ-2025 ਦਾ ਹੋਇਆ ਆਗਾਜ਼

## ਪਹਿਲੇ ਸੰਸਕਣ 'ਚ ਸਕਾਲਰਸ਼ਿਪ ਹਾਸਲ ਕਰਨ ਵਾਲੇ ਪਾੜ੍ਹਿਆਂ ਨੂੰ ਕੀਤਾ ਸਨਮਾਨਿਤ





**ਮੋਹਾਲੀ/ਅਸ਼ੋਕ ਜੋਸ਼ੀ**

ਚੰਡੀਗੜ੍ਹ ਯੂਨੀਵਰਸਿਟੀ 'ਚ ਅੱਜ ਪਹਿਲੇ ਤਿੰਨ ਰੋਜ਼ਾ ਸੀਯੂ ਸਕਾਲਰਜ਼ ਸਮਿਟ-2025 ਦਾ ਆਗਾਜ਼ ਹੋਇਆ, ਜਿਸ ਵਿਚ ਚੰਡੀਗੜ੍ਹ ਯੂਨੀਵਰਸਿਟੀ ਦੇ ਕਾਮਨ ਐਂਟਰੈਂਸ ਟੈਸਟ (ਸੀਯੂਸੀਈਟੀ) 'ਚ ਮੈਰਿਟ 'ਤੇ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਸੀਯੂਸੀਈਟੀ ਦੇ ਪਹਿਲੇ ਚਰਨ 'ਚ ਭਾਰਤ ਦੇ 20 ਸੂਬਿਆਂ ਦੇ 2516 ਵਿਦਿਆਰਥੀਆਂ ਨੇ ਸਕਾਲਰਸ਼ਿਪ ਹਾਸਲ ਕੀਤੀ ਹੈ ਜਿਨ੍ਹਾਂ 'ਚ 918 ਲੜਕੀਆਂ ਸ਼ਾਮਲ ਹਨ।ਇਹ ਸਕਾਲਰਸ਼ਿਪ 110 ਸਟਰੀਮਾਂ 'ਚ ਯੂਜੀ ਅਤੇ ਪੀਜੀ ਕੋਰਸਾਂ ਵਿਚ ਦਿੱਤੀ ਗਈ ਹੈ।ਭਾਰਤ ਦੀ ਨੰਬਰ ਇੱਕ ਪ੍ਰਾਈਵੇਟ ਯੂਨੀਵਰਸਿਟੀ ਵੱਲੋਂ ਪ੍ਰਤੀਭਾਸ਼ਾਲੀ ਵਿਦਿਆਰਥੀਆਂ ਦੀ ਯੋਗਤਾ ਨੂੰ ਮਾਨਤਾ ਦੇਣ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਦੇ ਮੌਕੇ ਪ੍ਰਦਾਨ ਕਰਨ ਲਈ 210 ਕਰੋੜ ਰੁਪਏ ਦੀ ਸਕਾਲਰਸ਼ਿਪ ਦਿੱਤੀ ਜਾ ਰਹੀ ਹੈ।6 ਜੂਨ ਤੋਂ 8 ਜੂਨ ਤੱਕ ਕਰਵਾਏ ਜਾ ਰਹੇ ਇਸ ਤਿੰਨ ਰੋਜ਼ਾ ਸਮਿਟ ਦਾ ਰਸਮੀ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਪ੍ਰਸ਼ਾਸਕ ਸ਼ ?ਰੀ ਗੁਲਾਬ ਚੰਦ ਕਟਾਰੀਆ ਦੁਆਰਾ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਦੇ ਨਾਲ ਸੰਸਦ ਮੈਂਬਰ (ਰਾਜ ਸਭਾ) ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਅਤੇ ਹੋਰ ਪਤਵੰਤੇ ਵੀ ਮੌਜੂਦ ਰਹੇ।

ਸੀਯੂ ਸਕਾਲਰਜ਼ ਸਮਿਟ ਦੇ ਪਹਿਲੇ ਦਿਨ ਵੱਖ-ਵੱਖ ਸੈਸ਼ਨਾਂ ਰਾਹੀਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਨਿਰਮਾਣ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ।ਪ੍ਰਸਿੱਧ ਬੁਲਾਰਿਆਂ, ਉਦਯੋਗ ਮਾਹਰਾਂ, ਅਤੇ ਮਨੋਰੰਜਨ ਜਗਤ ਦੀਆਂ ਮਸ਼ਹੂਰ ਹਸਤੀਆਂ ਨੇ ਵਿਦਿਆਰਥੀਆਂ ਨਾਲ ਸੈਸ਼ਨਾਂ ਵਿੱਚ ਹਿੱਸਾ ਲਿਆ।ਇਨ੍ਹਾਂ ਪ੍ਰਮੁੱਖ ਸ਼ਖਸੀਅਤਾਂ ਵਿੱਚ ਆਈਏਐਸ ਅਧਿਕਾਰੀ ਸੋਨਲ ਗੋਇਲ, ਗੌਰਵ ਤਨੇਜਾ (ਫਲਾਇੰਗ ਬੀਸਟ), ਗਾਇਕਾ ਅਤੇ ਅਭਿਨੇਤਰੀ ਖੁਸ਼ਬੂ ਗਰੇਵਾਲ, ਅਭਿਨੇਤਾ ਬਿੰਨੂ ਢਿੱਲੋਂ, ਗਾਇਕ ਜੀ ਖਾਨ, ਅਤੇ ਅਭਿਨੇਤਰੀ ਕਨਿਕਾ ਮਾਨ ਸ਼ਾਮਲ ਰਹੇ।

ਸਮਿਟ ਦੌਰਾਨ ਆਪਣੇ ਸੰਬੋਧਨ 'ਚ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਪ੍ਰਸ਼ਾਸਕ, ਸ਼ ?ਰੀ ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਉੱਚ ਸਿੱਖਿਆ ਨੂੰ ਸਾਰਿਆਂ ਤੱਕ ਪਹੁੰਚਯੋਗ ਬਣਾਉਣ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।ਉਨ੍ਹਾਂ ਕਿਹਾ ਕਿ ਜਿਸ ਵਿਕਸਿਤ ਭਾਰਤ ਦੀ ਅਸੀਂ ਕਲਪਨਾ ਕਰ ਰਹੇ ਹਾਂ, ਚੰਡੀਗੜ੍ਹ ਯੂਨੀਵਰਸਿਟੀ ਦਾ ਸੰਚਾਲਨ ਕਰਨ ਵਾਲਿਆਂ ਨੇ ਉਸ ਭਾਰਤ ਨੂੰ ਬਣਾਉਣ ਲਈ ਇਕ ਅਜਿਹਾ ਪੌਂਦਾ ਲਗਾਇਆ ਹੈ ਜੋ ਅਜਿਹੇ ਵਿਦਿਆ ਦੇ ਮੰਦਰਾਂ ਵਿਚ ਹੀ ਤਿਆਰ ਹੋਵੇਗਾ।ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ਾਂ ਦੇ ਵੱਖ-ਵੱਖ ਹਿੱਸਿਆਂ ਤੋਂ ਵਿਦਿਆਰਥੀ ਚੰਡੀਗੜ੍ਹ ਯੂਨੀਵਰਸਿਟੀ ਦੀ ਖਿਆਤੀ ਕਰਕੇ ਹੀ ਇੱਥੇ ਪੜ੍ਹਨ ਆਉਂਦੇ ਹਨ ਕਿਉਂਕਿ ਚੰਡੀਗੜ੍ਹ ਯੂਨੀਵਰਸਿਟੀ ਨੇ ਵਿਸ਼ਵ ਪੱਧਰ 'ਤੇ ਟਾਪ ਦੀਆਂ ਯੂਨੀਵਰਸਿਟੀਆਂ 'ਚ ਆਪਣਾ ਸਥਾਨ ਬਣਾਇਆ ਹੈ।ਉਨ੍ਹਾਂ ਕਿਹਾ ਕਿ ਕਦੇ ਤਕਸ਼ਿਲਾ ਅਤੇ ਨਾਲੰਦਾ ਯੂਨੀਵਰਸਿਟੀਆਂ ਦੁਨੀਆ ਨੂੰ ਸਿੱਖਿਆ ਅਤੇ ਗਿਆਨ ਦਾ ਸੰਦੇਸ਼ ਦਿੰਦੀਆਂ ਸਨ।ਉਸ ਸਮੇਂ ਦੁਨੀਆ ਦਾ ਹਰ ਵਿਅਕਤੀ ਇਹ ਚਾਹੁੰਦਾ ਸੀ ਕਿ ਮੇਰਾ ਬੱਚਾ ਵੀ ਤਕਸ਼ਿਲਾ ਅਤੇ ਨਾਲੰਦਾ ਵਰਗੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰੇ, ਇਨ੍ਹਾਂ ਯੂਨੀਵਰਸਿਟੀਆਂ ਦੀ ਪ੍ਰਸਿੱਧੀ ਦਾ ਆਧਾਰ ਉਨ੍ਹਾਂ ਦੇ ਅਧਿਆਪਕ ਸਨ।ਅੱਜ ਚੰਡੀਗੜ੍ਹ ਯੂਨੀਵਰਸਿਟੀ ਵਿਚ ਵੀ 60 ਦੇਸ਼ਾਂ, ਭਾਰਤ ਦੇ ਅਹਿਮ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਵਿਦਿਆਰਥੀ ਸਿੱਖਿਆ ਹਾਸਲ ਕਰਨ ਪਹੁੰਚ ਰਹੇ ਹਨ, ਇਸ ਤੋਂ ਵਧੀਆ ਹੋਰ ਗੱਲ ਕੀ ਹੋ ਸਕਦੀ ਹੈ।ਇੰਨ੍ਹੇ ਘੱਟ ਸਮੇਂ 'ਚ ਕਿਸੇ ਯੂਨੀਵਰਸਿਟੀ ਵੱਲੋਂ ਇਨ੍ਹੀ ਤਰੱਕੀ ਕਰਨਾ ਬਹੁਤ ਹੈਰਾਨ ਕਰਨ ਵਾਲੀ ਗੱਲ ਹੈ।ਯੂਨੀਵਰਸਿਟੀ ਵਲੋਂ ਇਸ ਅਕਾਦਮਿਕ ਸ਼ੈਸਨ ਦੌਰਾਨ 210 ਕਰੋੜ ਰੁਪਏ ਦੀ ਸਕਾਲਸ਼ਿਪ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਹੈ

ਜਿਸ ਨੇ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਸਕਾਲਰਸ਼ਿਪ ਨੂੰ ਵੀ ਪਿੱਛੇ ਛੱਡ ਦਿੱਤਾ।ਉਨ੍ਹਾਂ ਕਿਹਾ ਕਿ ਲੜਕੀਆਂ ਦੇ ਮਾਤਾ ਪਿਤਾ ਇਹ ਚਹੁੰਦੇ ਹਨ ਕਿ ਉਨ੍ਹਾਂ ਦੀਆਂ ਬੱਚੀਆਂ ਨੂੰ ਪੜ੍ਹਾਈ ਲਈ ਸੁਰੱਖਿਆ ਅਤੇ ਸਹੀ ਵਾਤਾਵਰਨ ਮਿਲੇ ਜੋ ਚੰਡੀਗੜ੍ਹ ਯੂਨੀਵਰਸਿਟੀ ਵਲੋਂ ਦਿੱਤਾ ਜਾ ਰਿਹਾ ਹੈ।ਉਨ੍ਹਾਂ ਚੰਡੀਗੜ੍ਹ ਯੂਨੀਵਰਸਿਟੀ ਵਲੋਂ ਕਰਵਾਏ ਗਏ 4300 ਪੇਟੈਂਟਾਂ ਦਾ ਜਿਕਰ ਕਰਦਿਆ ਕਿਹਾ ਕਿ ਸਿੱਖਿਆ ਦੇ ਨਾਲ ਯੂਨੀਵਰਸਿਟੀ ਰਿਸਰਚ ਵਿਚ ਵੀ ਅੱਗੇ ਵੱਧ ਰਹੀ ਹੈ ਜੋ ਆਉਣ ਵਾਲੇ ਭਵਿੱਖ ਲਈ ਬਹੁਤ ਜਰੂਰੀ ਹੈ।ਉਨ੍ਹਾਂ ਨੇ ਚੰਡੀਗੜ੍ਹ ਯੂਨੀਵਰਸਿਟੀ ਦੀਆਂ ਖੇਡਾਂ ਵਿਚ ਪ੍ਰਾਪਤੀਆਂ ਦਾ ਜਿਕਰ ਵੀ ਕੀਤਾ।ਰਾਜਪਾਲ ਨੇ ਸਕਾਲਰਸ਼ਿਪ ਦੇ ਮਹੱਤਵਪੂਰਨ ਪ੍ਰਭਾਵ ਨੂੰ ਉਜਾਗਰ ਕਰਦਿਆਂ ਕਿਹਾ ਕਿ ਬਾਰ੍ਹਵੀਂ ਜਮਾਤ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਰਥਿਕ ਤੰਗੀ ਕਾਰਨ ਕਈ ਵਿਦਿਆਰਥੀਆਂ ਆਪਣੀ ਪੜ੍ਹਾਈ ਛੱਡ ਦਿੰਦੇ ਹਨ ਪਰ ਚੰਡੀਗੜ੍ਹ ਯੂਨੀਵਰਸਿਟੀ ਵਲੋਂ ਦਿੱਤੀ ਜਾ ਰਹੀ ਸਕਾਲਰਸ਼ਿਪ ਰਾਹੀ ਅਜਿਹਾ ਹੋਣਾ ਘੱਟ ਹੋਵੇਗਾ।ਦੂਜਾ, ਇਹ ਕਿ ਸੀਯੂ ਨੇ ਦੇਸ਼ ਵਿੱਚ ਹੀ ਵਿਦੇਸ਼ਾਂ ਵਿੱਚ ਦਿੱਤੀ ਜਾਣ ਵਾਲੀ ਉੱਚ ਸਿੱਖਿਆ ਦੇ ਪੱਧਰ ਦੀ ਸਿੱਖਿਆ ਪ੍ਰਦਾਨ ਕਰਕੇ ਬ੍ਰੇਨ ਡਰੇਨ ਦੇ ਮੁੱਦੇ ਨੂੰ ਹੱਲ ਕਰਨ ਵਿੱਚ ਵੀ ਮਦਦ ਕਰ ਰਹੀ ਹੈ।

ਸੰਸਦ ਮੈਂਬਰ (ਰਾਜ ਸਭਾ) ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਸੀਯੂ ਸਕਾਲਰਜ਼ ਸਮਿਟ- 2025 'ਚ ਪਹੁੰਚੇ ਸਾਰੇ ਹਾਜ਼ਰੀਨ ਦਾ ਧੰਨਵਾਦ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਸਾਡਾ ਉਦੇਸ਼ ਸਿਰਫ਼ ਉੱਚ ਰੈਂਕਿੰਗ ਪ੍ਰਾਪਤ ਕਰਨਾ ਨਹੀਂ ਹੈ, ਸਗੋਂ ਅਜਿਹੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਖੋਜ ਅਤੇ ਨਿਰਮਾਣ ਕਰਨਾ ਹੈ ਜੋ ਤਕਨਾਲੋਜੀ, ਨੀਤੀ ਨਿਰਮਾਣ ਅਤੇ ਸਮਾਜ ਸੇਵਾ 'ਚ ਵਿਕਸਿਤ ਭਾਰਤ ਦੀ ਅਗਵਾਈ ਕਰਨਗੇ।

ਇਹੀ ਕਾਰਨ ਹੈ ਕਿ ਚੰਡੀਗੜ੍ਹ ਯੂਨੀਵਰਸਿਟੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਹੋਣਹਾਰ ਵਿਦਿਆਰਥੀਆਂ ਨੂੰ ਲੱਭ ਕੇ ਸਕਾਲਰਸ਼ਿਪ ਪ੍ਰਦਾਨ ਕਰਦੀ ਹੈ ਅਤੇ ਉਨ੍ਹਾਂ ਨੂੰ ਆਉਣ ਵਾਲੇ ਭਵਿੱਖ 'ਚ ਆਪਣੇ ਖੇਤਰਾਂ 'ਚ ਲੀਡਰ ਬਨਣ ਦੇ ਸਮਰੱਥ ਬਣਾਉਂਦੀ ਹੈ।ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਉਦਾਹਰਨ ਦਿੰਦਿਆਂ ਕਿਹਾ, ਉਨ੍ਹਾਂ ਨੇ ਆਮ ਪਿਛੋਕੜ ਤੋਂ ਉੱਠ ਕੇ ਦੇਸ਼ ਨੂੰ ਦੁਨੀਆ ਦੀ ਚੌਥੀ ਅਰਥਵਿਵਸਥਾ ਬਣਾ ਦਿੱਤਾ ਹੈ ਅਤੇ ਆਉਣ ਵਾਲੇ ਤਿੰਨ-ਚਾਰ ਸਾਲਾਂ ਵਿੱਚ ਇਹ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ।2047 ਵਿੱਚ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਬਣੇਗਾ ਅਤੇ ਇਸ ਦੀ ਅਗਵਾਈ ਦੇਸ਼ ਦੇ ਨੌਜਵਾਨ ਕਰਨਗੇ।ਉਨ੍ਹਾਂ ਨੇ ਕਿਹਾ ਕਿ ਪਹਿਲਾਂ ਭਾਰਤ ਦੇ ਪ੍ਰਤਿਭਾਸ਼ਾਲੀ ਨੌਜਵਾਨ ਵਿਦੇਸ਼ ਜਾਂਦੇ ਸਨ, ਪਰ ਅੱਜ ਰਿਵਰਸ ਮਾਈਗ੍ਰੇਸ਼ਨ ਦਾ ਸਮਾਂ ਹੈ।

ਸਾਨੂੰ ਖੁਦ ਨੂੰ ਸਮਰੱਥ ਬਣਾਉਣਾ ਹੋਵੇਗਾ, ਸਾਨੂੰ ਆਪਣੇ ਦੇਸ਼ ਵਿੱਚ ਮਾਈਕ੍ਰੋਸਾਫਟ ਅਤੇ ਗੂਗਲ ਜਿਹੀਆਂ ਕੰਪਨੀਆਂ ਦਾ ਨਿਰਮਾਣ ਕਰਨਾ ਹੋਵੇਗਾ।ਚੰਡੀਗੜ੍ਹ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਅਤੇ ਸੁਵਿਧਾਵਾਂ ਦੇਣ ਲਈ ਵਚਨਬੱਧ ਹੈ ਕਿਉਂਕਿ ਚੰਡੀਗੜ੍ਹ ਯੂਨੀਵਰਸਿਟੀ ਦੇ ਧਿਆਨ ਦਾ ਕੇਂਦਰ ਦੇਸ਼ ਅਤੇ ਦੇਸ਼ ਦੇ ਨੌਜਵਾਨ ਹਨ।ਉਨ੍ਹਾਂ ਕਿਹਾ ਕਿ ਦੇਸ਼ ਦੀ ਨੰਬਰ 1 ਪ੍ਰਾਈਵੇਟ ਯੂਨੀਵਰਸਿਟੀ ਚੰਡੀਗੜ੍ਹ ਯੂਨੀਵਰਸਿਟੀ ਹਰ ਖੇਤਰ ਵਿਚ ਨੰਬਰ ਇੱਕ 'ਤੇ ਹੈ, ਕਿਉਂਕਿ ਇਸ ਯੂਨੀਵਰਸਿਟੀ ਵਿਚ ਹਮੇਸਾ ਨੰਬਰ 1 ਵਿਦਿਆਰਥੀ ਪੜ੍ਹਾਈ ਲਈ ਆਏ ਹਨ। ਚੰਡੀਗੜ੍ਹ ਯੂਨੀਵਰਸਿਟੀ ਸੀਯੂਸੀਈਟੀ 2025 ਸਕਾਲਰਸ਼ਿਪ ਦਾ ਉਦੇਸ਼ ਵੀ ਯੋਗ ਉਮੀਦਵਾਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਉੱਚ ਸਿੱਖਿਆ ਤੱਕ ਉਨ੍ਹਾਂ ਦੀ ਪਹੁੰਚ ਨੂੰ ਸਰਲ ਬਣਾਉਣਾ ਹੈ।

# ਡੀ ਸੀ ਨੇ ਨਸ਼ਾ ਮੁਕਤੀ ਕੇਂਦਰ ਦਾ ਦੌਰਾ ਕੀਤਾ

## *ਮਰੀਜ਼ਾਂ ਨਾਲ ਗੱਲਬਾਤ ਕੀਤੀ; ਪੁਨਰਵਾਸ ਲਈ ਨਸ਼ਾ ਮੁਕਤ ਜੀਵਨ ਅਤੇ ਹੁਨਰ ਵਿਕਾਸ 'ਤੇ ਜ਼ੋਰ ਦਿੱਤਾ*



**ਮੋਹਾਲੀ /ਅਸ਼ੋਕ ਜੋਸ਼ੀ**

ਡਿਪਟੀ ਕਮਿਸ਼ਨਰ-ਕਮ-ਚੇਅਰਪਰਸਨ, ਜ਼ਿਲ੍ਹਾ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਸੁਸਾਇਟੀ, ਸ਼੍ਰੀਮਤੀ ਕੋਮਲ ਮਿੱਤਲ ਨੇ ਸੁਸਾਇਟੀ ਦੁਆਰਾ ਚਲਾਏ ਜਾ ਰਹੇ ਸੈਕਟਰ 66, ਐਸ ਏ ਐਸ ਨਗਰ ਸਥਿਤ ਨਸ਼ਾ ਮੁਕਤੀ ਕੇਂਦਰ ਦਾ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਕੇਂਦਰ ਦੇ ਕੰਮਕਾਜ ਦੀ ਸਮੀਖਿਆ ਕਰਨਾ ਅਤੇ ਮਰੀਜ਼ਾਂ ਤੋਂ ਸਿੱਧਾ ਫੀਡਬੈਕ ਹਾਸਲ ਕਰਨਾ ਸੀ।

ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ਼੍ਰੀਮਤੀ ਸੋਨਮ ਚੌਧਰੀ, ਸਿਵਲ ਸਰਜਨ ਡਾ. ਸੰਗੀਤਾ ਜੈਨ, ਐਸਪੀ (ਪੀ ਬੀ ਆਈ) ਸ਼੍ਰੀਮਤੀ ਦੀਪਿਕਾ ਸਿੰਘ, ਅਤੇ ਡਿਪਟੀ ਡਾਇਰੈਕਟਰ (ਰੋਜ਼ਗਾਰ) ਸ਼੍ਰੀ ਹਰਪ੍ਰੀਤ ਸਿੰਘ ਮਾਨਸ਼ਾਹੀਆ ਵੀ ਸਨ।

ਮਰੀਜ਼ਾਂ ਨਾਲ ਗੱਲਬਾਤ ਕਰਦਿਆਂ, ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਅਤੇ ਜ਼ਿੰਮੇਵਾਰ ਜੀਵਨ ਮੁੜ ਹਾਸਲ ਕਰਨ ਲਈ ਸਹੀ ਇਲਾਜ ਕਰਵਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਅਤੇ ਸਮਾਜ ਪ੍ਰਤੀ ਸੁਹਿਰਦ ਯੋਗਦਾਨ ਪਾਉਣ ਵਾਲੇ ਮੈਂਬਰ ਬਣਨ ਦੀ ਮਹੱਤਤਾ ਪ੍ਰਤੀ ਵੀ ਸੰਵੇਦਨਸ਼ੀਲ ਬਣਾਇਆ।

ਸ਼੍ਰੀਮਤੀ ਮਿੱਤਲ ਨੇ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਉਹ ਕੇਂਦਰ ਵਿੱਚ ਕਰਵਾਏ ਜਾਣ ਵਾਲੇ ਹੁਨਰ ਵਿਕਾਸ ਕੋਰਸਾਂ - ਜਿਵੇਂ ਕਿ ਮੋਬਾਈਲ ਮੁਰੰਮਤ, ਖਾਣਾ ਪਕਾਉਣ ਅਤੇ ਕੰਪਿਊਟਰ ਸਿਖਲਾਈ ਆਦਿ ਵਿੱਚ ਹਿੱਸਾ ਲੈਣ ਤਾਂ ਜੋ ਉਨ੍ਹਾਂ ਦੇ ਪੁਨਰਵਾਸ ਅਤੇ ਭਵਿੱਖ ਵਿੱਚ ਰੋਜ਼ਗਾਰ ਯੋਗਤਾ ਨੂੰ ਬਿਹਤਰ ਬਣਾਇਆ ਜਾ ਸਕੇ।

ਉਨ੍ਹਾਂ ਡਿਪਟੀ ਡਾਇਰੈਕਟਰ (ਰੋਜ਼ਗਾਰ) ਸ੍ਰੀ ਹਰਪ੍ਰੀਤ ਸਿੰਘ ਨੂੰ ਨਿਰਦੇਸ਼ ਦਿੱਤੇ ਕਿ ਉਹ ਮਰੀਜ਼ਾਂ ਦੀ ਉਨ੍ਹਾਂ ਦੀਆਂ ਰੁਚੀਆਂ ਦੇ ਆਧਾਰ 'ਤੇ ਕੌਂਸਲਿੰਗ ਕਰਨ ਅਤੇ ਉਸ ਅਨੁਸਾਰ ਢੁਕਵੇਂ ਰੋਜ਼ਗਾਰ-ਮੁਖੀ ਕੋਰਸਾਂ ਦਾ ਪ੍ਰਬੰਧ ਕਰਨ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਨ ਫਾਊਂਡੇਸ਼ਨ ਅਤੇ ਰੋਜ਼ਗਾਰ ਵਿਭਾਗ ਦੇ ਸਹਿਯੋਗ ਨਾਲ, ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੇ ਇਲਾਜ ਤੋਂ ਬਾਅਦ ਨੌਜਵਾਨਾਂ ਦੇ ਮੁੜ ਵਸੇਬੇ ਲਈ ਵਚਨਬੱਧ ਹੈ।

ਡਿਪਟੀ ਕਮਿਸ਼ਨਰ ਨੇ ਸਿਹਤ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਸਾਰੇ ਨੌਜੁਆਨਾਂ ਲਈ ਪੌਸ਼ਟਿਕ ਅਤੇ ਸੰਤੁਲਿਤ ਖੁਰਾਕ ਯਕੀਨੀ ਬਣਾਉਣ, ਜੋ ਕਿ ਸਹੀ ਪੋਸ਼ਣ ਅਤੇ ਸਿਹਤਯਾਬ ਹੋਣ ਦੀ ਪ੍ਰਕਿਰਿਆ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਨਸ਼ਾ ਮੁਕਤੀ ਕੇਂਦਰ ਨਾ ਸਿਰਫ਼ ਸਵੈ-ਇੱਛਤ ਮਰੀਜ਼ਾਂ ਨੂੰ, ਸਗੋਂ ਐਨ ਡੀ ਪੀ ਐਸ ਮਾਮਲਿਆਂ ਅਧੀਨ ਅਦਾਲਤ ਦੁਆਰਾ ਭੇਜੇ ਗਏ ਵਿਅਕਤੀਆਂ ਨੂੰ ਵੀ ਮੁਫ਼ਤ ਨਸ਼ਾ ਛੁਡਾਊ ਇਲਾਜ ਪ੍ਰਦਾਨ ਕਰਦਾ ਹੈ।

# ਫੌਜ ਦੀ ਸ਼ਾਨਦਾਰ ਸੇਵਾ ਤੋ ਰਿਟਾਇਰ ਹੋਣ ਤੇ ਕੈਪਟਨ ਸਾਹਿਬ ਸਿੰਘ ਨੂੰ ਕੀਤਾ ਸਨਮਾਨਿਤ

## ਦੇਸ਼ ਦੀ ਸੇਵਾ ਲਈ ਫੌਜੀ ਦਾ ਤਨ ਮਨ ਹਰ ਵੇਲੇ ਰਹਿੰਦਾ ਹੈ ਤਤਪਰ, ਸੁਰਜਨ ਸਿੰਘ

**ਅੰਮ੍ਰਿਤਸਰ, ਅੰਮ੍ਰਿਤਾ ਭਗਤ**

ਫੌਜ ਵਿੱਚ ਆਪਣੀ ਬੱਤੀ ਸਾਲ ਦੀ ਸਰਵਿਸ ਦੌਰਾਨ ਬੇਮਿਸਾਲ ਨਿਭਾਈਆਂ ਗਈਆਂ ਸਵਾਵਾਂ ਦੀ ਬਦੌਲਤ ਕੈਪਟਨ ਸਿੰਘ ਨੂੰ ਜਿੱਥੇ ਆਪਣੀ ਯੂਨਿਟ ਵੱਲੋਂ ਸਨਮਾਨਿਤ ਕੀਤਾ ਗਿਆ। ਉਥੇ ਨਾਲ ਹੀ ਰਿਟਾਇਰਮੈਂਟ ਹੋਣ ਤੋਂ ਬਾਅਦ ਆਪਣੇ ਗ੍ਰਹਿ ਆਉਣ ਤੇ ਸਟੇਸ਼ਨ ਤੇ ਸਾਬਕਾ ਫੌਜੀਆਂ ਨੇ ਕੈਪਟਨ ਸਾਹਿਬ ਸਿੰਘ ਦੀ ਰਿਟਾਇਰਮੈਂਟ ਤੇ ਨਿਘਾ ਸਵਾਗਤ ਕੀਤਾ ਤੇ ਉਨਾਂ ਨੂੰ ਸਰੋਪਾ ਦੇ ਕੇ ਸਨਮਾਨਿਤ ਕੀਤਾ, ਉਪਰੰਤ ਕੈਪਟਨ



ਸਾਹਿਬ ਸਿੰਘ ਦੇ ਗ੍ਰਹਿ ਵਿਖੇ ਰਖਾਏ ਗਏ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਅਤੇ ਗੁਰੂ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੁਰਜਨ ਸਿੰਘ ਫੌਜੀ ਨੇ ਕਿਹਾ ਕਿ ਦੇਸ਼ ਦੀ ਸੇਵਾ ਲਈ ਹਰ ਫੌਜੀ ਆਪਣਾ ਤਨ ਮਨ ਨਿਸ਼ਾਵਰ ਕਰ ਦਿੰਦਾ ਹੈ ਤੇ ਦੇਸ਼ ਦੀ ਅਮਨ ਸ਼ਾਂਤੀ ਅਤੇ ਲੋਕਾਂ ਦੀ ਖੁਸ਼ਹਾਲੀ ਲਈ ਆਪਣੀ ਜਾਨ ਦੀ ਪਰਵਾਹ ਨਹੀਂ ਕਰਦਾ।

ਇਸ ਮੌਕੇ ਕੈਪਟਨ ਸਾਹਬ ਨੂੰ ਸਨਮਾਨਿਤ ਕਰਦੇ ਹੋਏ ਸੂਬੇਦਾਰ ਰਾਜਪਾਲ ਸਿੰਘ, ਸੂਬੇਦਾਰ ਸਰਦੂਲ ਸਿੰਘ, ਸੂਬੇਦਾਰ ਕੁਲਦੇਵ ਸਿੰਘ , ਸੂਬੇਦਾਰ ਮੇਜਰ ਸਲਵਿੰਦਰ ਸਿੰਘ , ਸੂਬੇਦਾਰ ਮੇਜਰ ਸੁਖਦਿਆਲ ਸਿੰਘ, ਸਾਬਕਾ ਫੌਜੀ ਸੁਰਜਨ ਸਿੰਘ ਟ ?ਰੈਫਿਕ ਮਾਰਸ਼ਲ ਅੰਮ੍ਰਿਤਸਰ ਦਿਹਾਤੀ, ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਮੌਜੂਦ ਸਨ।

# ਸੜਕ ਸੁਰੱਖਿਆ ਫੋਰਸ ਨਾਲ ਬਚ ਰਹੀਆਂ ਹਨ ਕੀਮਤੀ ਜਾਨਾ : ਐਸਐਸਪੀ ਅਮਨੀਤ ਕੌਂਡਲ

**ਬਠਿੰਡਾ/ ਸੱਤਪਾਲ ਮਾਨ**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਜਿੱਥੇ ਪੰਜਾਬ ਦੇ ਵਿਕਾਸ ਲਈ ਤਤਪਰ ਹੈ ਉਥੇ ਹੀ ਇਨਸਾਨਾਂ ਦੀ ਜ਼ਿੰਦਗੀ ਲਈ ਵੀ ਇੱਕ ਮਸੀਹੇ ਦੇ ਤੌਰ 'ਤੇ ਕੰਮ ਕਰ ਰਹੀ ਹੈ। ਇਸੇ ਤਹਿਤ ਸੂਬਾ ਸਰਕਾਰ ਵੱਲੋਂ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ) ਦੀ ਸ਼ੁਰੂਆਤ ਨਾਲ ਅਨੇਕਾਂ ਰਾਹਗੀਰਾਂ ਦੀਆਂ ਅਨਮੋਲ ਜਿੰਦਗੀਆਂ ਬਚ ਰਹੀਆਂ ਹਨ। ਇਹ ਜਾਣਕਾਰੀ ਐਸ.ਐਸ.ਪੀ. ਮੈਡਮ ਅਮਨੀਤ ਕੌਂਡਲ ਨੇ ਸਾਂਝੀ ਕੀਤੀ। ਇਸ ਮੌਕੇ ਐਸ.ਐਸ.ਪੀ. ਮੈਡਮ ਅਮਨੀਤ ਕੌਂਡਲ ਨੇ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਸਫਰ ਦੇ ਦੌਰਾਨ ਸੜਕ 'ਤੇ ਜਾਂਦਿਆਂ ਕਿਸੇ ਤਰ੍ਹਾਂ ਦੀ ਵੀ



ਅਣਹੋਣੀ ਵਾਪਰਦੀ ਹੈ ਤਾਂ ਉਹ 112 ਹੈਲਪ ਲਾਈਨ ਨੰਬਰ ਡਾਇਲ ਕਰਕੇ ਸੜਕ ਸੁਰੱਖਿਆ ਫੋਰਸ ਦੀ ਮਦਦ ਲੈ ਸਕਦੇ ਹਨ। ਇਸ ਦੌਰਾਨ ਐਸ.ਐਸ.ਪੀ. ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਸੜਕ ਸੁਰੱਖਿਆ ਫੋਰਸ ਰੇਂਜ ਬਠਿੰਡਾ ਵਿਖੇ ਐਸ.ਐਸ.ਐਫ. ਦੀਆਂ ਵੱਖ-ਵੱਖ ਰੂਟਾਂ 'ਤੇ 6 ਗੱਡੀਆਂ ਬਠਿੰਡਾ ਤੋਂ ਜੇਠੂਕੇ ਹੱਦ, ਜੀਦਾ ਟੋਲ ਪਲਾਜ਼ਾ ਹੱਦ ਤੋਂ ਕਰਮਗੜ੍ਹ ਸਤਰਾਂ ਹੱਦ, ਬਠਿੰਡਾ ਤੋਂ ਭਾਈ ਦੇਸਾ ਹੱਦ, ਘਨਈਆ ਚੌਂਕ ਬਠਿੰਡਾ ਤੋਂ ਡੂਮਵਾਲੀ ਬੈਰੀਅਰ, ਕੋਟਸ਼ਮੀਰ ਤੋਂ ਨਥੇਹਾ ਹੱਦ ਅਤੇ ਤਲਵੰਡੀ ਸਾਬੋ ਤੋਂ ਪੱਕਾ ਕਲਾਂ ਇੰਟਰਸੈਪਟਰ ਰੂਟ 'ਤੇ ਚੱਲ ਰਹੀਆਂ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਐਸ.ਐਸ.ਐਫ. ਦੇ ਰੇਂਜ ਇੰਚਾਰਜ ਸ਼੍ਰੀ ਕਸ਼ਮੀਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ 'ਚ ਸੜਕ ਸੁਰੱਖਿਆ ਫੋਰਸ ਦੀਆਂ ਟੀਮਾਂ ਨੇ 1 ਜਨਵਰੀ 2025 ਤੋਂ 31 ਮਈ 2025 ਤੱਕ ਕੁੱਲ 258 ਐਕਸੀਡੈਂਟਾਂ ਵਿੱਚ ਮੌਕੇ 'ਤੇ ਪਹੁੰਚ ਕੇ ਮਦਦ ਕੀਤੀ। ਉਨ੍ਹਾਂ ਅੱਗੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਐਕਸੀਡੈਂਟਾਂ ਵਿੱਚ 36 ਜਖਮੀ ਵਿਅਕਤੀਆਂ ਨੂੰ ਮੁੱਢਲੀ ਸਹਾਇਤਾ ਦੇ ਕੇ ਫਾਰਗ ਕੀਤਾ ਗਿਆ ਤੇ ਗੰਭੀਰ ਸਤਿਥੀ ਵਿੱਚ ਜ਼ਖਮੀਆਂ ਨੂੰ ਮੌਕੇ 'ਤੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

# ਛੇ ਜੂਨ ਨੂੰ ਸਿਰੀ ਆਕਾਲ ਤਖਤ ਸਾਹਿਬ ਜੀ ਤੇ ਸ਼ਹੀਦਾਂ ਦੇ ਪਰਥਾਏ ਭੋਗ ਦੀ ਅਰਦਾਸ ਦੋਰਾਨ ਵਿਤਕਰਾ—ਬੰਡਾਲਾ

**ਫਿਰੋਜ਼ਪੁਰ/ਮਨੋਹਰ ਲਾਲ**

ਦਮਦਮੀ ਟਕਸਾਲ ਦੇ ਬੁਲਾਰੇ ਗੁਰਨਾਮ ਸਿੰਘ ਬੰਡਾਲਾ ਨੇ ਜਥੇਦਾਰ ਕੁਲਦੀਪ ਸਿੰਘ ਗੜਗਜ ਤੇ ਸ਼ੋ੍ਮਣੀ ਕਮੇਟੀ ਦੇ ਪ੍ਰਧਾਨ ਤੋਂ ਪੁਛਿਆ ਸੰਗਤ ਨੂੰ ਸਪੱਸ਼ਟ ਕਰੋ ਲੂਬੜ ਚਾਲਾਂ ਛੱਡ ਕੇ ਦਸੋ ਜਦੋਂ ਘਲੂਘਾਰਾ ਦਿਵਸ ਤੇ ਸ਼ਹੀਦ ਸਿੰਘਾਂ ਦੇ ਭੋਗ ਦੀ ਅਰਦਾਸ ਕੀਤੀ ਗਈ ਹੈ ਉਸ ਵਕਤ ਕੁਲਦੀਪ ਸਿੰਘ ਗੜਗਜ ਨੇ ਕੇਵਲ ਰਾਜੋਆਣਾ ਦਾ ਨਾਂ ਵਿਸ਼ੇਸ਼ ਕਰਕੇ ਕਿਉ ਲਿਆ। ਜਥੇਦਾਰ ਗੁਰਨਾਮ ਬਿੰਘ ਬੰਡਾਲਾ ਨੇ ਕਿਹਾ ਕਿ ਜਥੇਦਾਰ ਜਗਤਾਰ ਸਿੰਘ ਹਵਾਰੇ ਸਮੇਤ ਬੰਦੀ ਸਿੰਘਾਂ ਦੇ ਨਾਂ



ਭੋਗ ਦੀ ਅਰਦਾਸ ਵਿਚ ਕੁਲਦੀਪ ਸਿੰਘ ਗੜਗਜ ਨੇ ਕਿਉ ਨਹੀਂ ਬੋਲੇ, ਪਾਵਨ ਗੁਰੂ ਗਰੰਥ ਸਾਹਿਬ ਜੀ ਦੀ ਹਜੂਰੀ ਵਿਚ ਅਰਦਾਸ ਏਕਤਾ ਦੀ ਕਰਦੇ ਹੋ ਮਨ ਵਿਚ ਈਰਖਾ ਹੈ, ਬਾਕੀ ਬੰਦੀ ਸਿੰਘਾਂ ਦੇ ਨਾਵਾਂ ਪ੍ਰਤੀ ਨਾ ਬੋਲਣਾ ਸਾਰੀ ਸੰਗਤ ਨੂੰ ਇਹ ਰਾਜਨੀਤਕ ਚਾਲ ਮਹਿਸੂਸ ਹੋਈ, ਵਿਸੇਸ਼ ਕਰਕੇ ਬਲਵੰਤ ਸਿੰਘ ਰਾਜੋਆਣਾ ਦਾ ਨਾਂ ਲਿਆ ਗਿਆ ਕੀ ਇਹ ਬੰਦੀ ਸਿੰਘਾਂ ਨਾਲ ਵਿਤਕਰਾ ਨਹੀ ਕੀ ਇਹ ਅਰਦਾਸ ਏਕਤਾ ਦੀ ਸੀ, ਸ਼ੋ੍ਮਣੀ ਕਮੇਟੀ ਨੇ ਇਨ੍ਹਾਂ ਲੂੰਬੜ ਚਾਲਾਂ ਕਰਕੇ ਅਕਾਲੀ ਦਲ ਮਿਟੀ ਵਿੱਚ ਮਲਾਇਆ। ਜਥੇਦਾਰ ਬੰਡਾਲਾ ਨੇ ਕਿਹਾ ਕਿ ਰਾਜੋਆਣਾ ਸੁਖਬੀਰ ਬਾਦਲ ਦਾ ਹਮਾਇਤੀ ਹੈ, ਸੁਖਬੀਰ ਉਸ ਨੂੰ ਮਨ ਚਾਹਿਆ ਪੈਸਾ ਤੇ ਸਹੂਲਤਾਂ ਸ਼ੋ੍ਮਣੀ ਕਮੇਟੀ ਤੋਂ ਦਿਵਾ ਰਿਹਾ ਹੈ ਕੀ ਬਾਕੀ ਸਿੰਘਾਂ ਦੀ ਕੁਰਬਾਨੀ ਘੱਟ ਹੈ ਫਰਕ ਇਹ ਹੈ ਉਹ ਬਾਦਲ ਪਰਿਵਾਰ ਦੇ ਰਖੇਲ ਨਹੀਂ ਬਣਦੇ, ਗੁਰੂ ਦੇ ਪੰਥ ਦੇ ਹਮਾਇਤੀ ਹਨ, ਰਾਜੋਆਣਾ ਸਿਰਸੇ ਵਾਲੇ ਨੇ ਜੋ ਬਰਗਾੜੀ ਪਾਵਨ ਸਰੂਪ ਦੀ ਬੇਅਦਬੀ ਕੀਤੀ ਬਾਦਲ ਪਰਿਵਾਰ ਨੇ ਸਰਸੇ ਵਾਲੇ ਨੂੰ ਬਚਾਇਆ, ਉਸ ਬਾਰੇ ਆਪਣੀ ਨੀਅਤ ਕੌਮ ਸਾਹਮਣੇ ਸ਼ਪਸ਼ਟ ਕਰੇ। ਜਥੇਦਾਰ ਬੰਡਾਲਾ ਨੇ ਕਿਹਾ ਕਿ 78 ਦੌਰਾਨ ਨਿਰੰਕਾਰੀ ਕਾਂਡ ਵਿਚ 13 ਸਿੰਘ ਸ਼ਹੀਦ ਹੋਏ ਉਸ ਵਕਤ ਬਾਦਲ ਸਰਕਾਰ ਸੀ ਨਕਲੀ ਨਿਰੰਕਾਰੀ ਨੂੰ ਬਾਦਲ ਦਾ ਮੰਤਰੀ ਉਮਰਾ ਨੰਗਲ ਦਿੱਲੀ ਛੱਡ ਕੇ ਆਇਆ, ਕੇਸ ਅੰਬਾਲੇ ਤਬਦੀਲ ਕਰਾਕੇ ਬਰੀ ਕਰਵਾਇਆ, ਬੇਅਦਬੀ ਦੌਰਾਨ ਵੀਰ ਸਿੰਘ ਸੁਖਬੀਰ ਬਾਦਲ ਦੇ ਹੁਕਮ ਨਾਲ ਸ਼ਹੀਦ ਹੋਏ ਜਾਲਮ ਅਫਸਰ ਪੁਲਸ ਵਿਚ ਸੈਣੀ ਆਲਮ ਵਰਗੇ ਲਾਏ ਕੀ ਰਾਜੋਆਣਾ ਕੌਮ ਨਾਲ ਹੋਇਆ ਇਹ ਜੁਲਮ ਪ੍ਰਵਾਨ ਕਰਦਾ ਹੈ ਆਪਣੀ ਕੌਮ ਸਾਹਮਣੇ ਨੀਅਤ ਸਪੱਸ਼ਟ ਕਰੇ ਕੀ ਕੁਲਦੀਪ ਸਿੰਘ ਗੜਗਜ ਨੂੰ ਕੌਮ ਤੇ ਹੋਇਆ ਇਹ ਜੁਲਮ ਦਿਸਦਾ ਨਹੀਂ ਸ਼ੋ੍ਮਣੀ ਕਮੇਟੀ ਦਾ ਇਕੋ ਟਾਰਗਟ ਹੈ ਬਾਦਲ ਪਰਿਵਾਰ ਬਾਕੀ ਪੰਥ ਦੀ ਰਤਾ ਚਿੰਤਾ ਨਹੀਂ ਜੇ ਅਰਦਾਸ ਵਿਚ ਵਿਤਕਰਾ ਹੈ ਫਿਰ ਅਰਦਾਸ ਵਿਚ ਉਚੀ—ਉਚੀ ਏਕਤਾ ਲਈ ਦਹਾਈਆਂ ਪਾਉਣ ਦਾ ਕੀ ਫਾਇਦਾ ਹੈ ਕੌਮ ਬਹੁਤ ਅੱਗੇ ਲੰਘ ਚੁਕੀ ਹੈ ਕੁਲਦੀਪ ਸਿੰਘ ਜੀ ਤੁਹਾਡੀ ਨੀਅਤ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਅਰਦਾਸ ਸਾਫ ਹਿਰਦੇ ਨਾਲ ਕੀਤੀ ਜਾਵੇ ਜਰੂਰ ਪਰਵਾਨ ਹੁੰਦੀ ਹੈ। ਆਹ ਪੰਗਤੀਆ ਜਰੂਰ ਲਾਉਣੀ ਸ਼ੋ੍ਮਣੀ ਕਮੇਟੀ ਨੇ ਪਹਿਲਾ ਜਥੇਦਾਰਾਂ ਦੀ ਨਿਯੁਕਤੀ ਦੀ ਮਰਿਯਾਦਾ ਖਤਮ ਕੀਤੀ ਉਥੇ ਹਨ ਹੁਣ ਜਥੇਦਾਰ ਵਲੋਂ ਕੌਮ ਨੂੰ ਵਿਸ਼ੇਸ਼ ਕਰ ਜੋ ਸਦੇਸ਼ ਦਿੱਤਾ ਜਾਂਦਾ ਹੈ ਉਸ ਦੀ ਮਰਿਯਾਦਾ ਵੀ ਧਾਮੀ ਸਾਹਿਬ ਨੇ ਖਤਮ ਕਰ ਦਿੱਤੀ।

# ਸਿਹਤ ਟੀਮਾਂ ਵਲੋਂ ਨਿੱਜੀ ਹਸਪਤਾਲਾਂ 'ਚ ਡੇਂਗੂ ਸਬੰਧੀ ਚੈਕਿੰਗ

## ਕਿਤੇ ਵੀ ਪਾਣੀ ਜਮਹਾਂ ਨਾ ਹੋਣ ਦੇਣ ਦੀ ਅਪੀਲ ਕੀਤੀ

**ਮੋਹਾਲੀ, / ਅਸ਼ੋਕ ਜੋਸ਼ੀ**

"ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ" ਮੁਹਿੰਮ ਤਹਿਤ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਸਿਹਤ ਵਿਭਾਗ ਦੀਆਂ ਟੀਮਾਂ ਨੇ ਅੱਜ ਵੱਖ-ਵੱਖ ਥਾਈਂ ਜਾ ਕੇ ਚੈਕਿੰਗ ਕੀਤੀ।

ਡਾ. ਜੈਨ ਨੇ ਦਸਿਆ ਕਿ ਸਿਹਤ ਟੀਮਾਂ ਨੇ ਨਿੱਜੀ ਹਸਪਤਾਲਾਂ ਵਿਚ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਉਨ੍ਹਾਂ ਮੌਕੇ 'ਤੇ ਹਸਪਤਾਲਾਂ ਦੇ ਸਟਾਫ਼ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ।

ਸਿਵਲ ਸਰਜਨ ਨੇ ਦਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਸਾਰੇ ਜ਼ਿਲ੍ਹੇ ਵਿਚ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਅਧਿਕਾਰੀਆਂ ਸਮੇਤ ਹੋਰ ਸਟਾਫ਼ ਜਿਥੇ ਘਰ-ਘਰ ਜਾ ਕੇ ਸਰਵੇਖਣ ਕਰ ਰਹੇ ਹਨ, ਉਥੇ ਚਾਲਾਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਸਰਵੇ ਦੌਰਾਨ ਕੰਟੇਨਰ, ਗਮਲੇ, ਕੂਲਰ, ਫ਼ਰਿੱਜ, ਬਕਸੇ ਅਤੇ ਹੋਰ ਸਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਦਾ ਇਕੋ-ਇਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ 'ਤੇ ਪਾਣੀ ਖੜਾ ਨਾ ਹੋਣ ਦਿਤਾ ਜਾਵੇ।



ਡਾ. ਜੈਨ ਨੇ ਦਸਿਆ ਕਿ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੁੱਝ ਦਿਨਾਂ ਵਿਚ ਖ਼ਤਰਨਾਕ ਮੱਛਰ ਦਾ ਰੂਪ ਲੈ ਲੈਂਦਾ ਹੈ ਜਿਹੜਾ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ ਨਵੰਬਰ ਅਖ਼ੀਰ ਤਕ ਜ਼ਿਆਦਾ ਹੁੰਦਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸਮੇਤ ਸਿਹਤ ਅਧਿਕਾਰੀ ਤੇ ਸਿਹਤ ਵਰਕਰ ਮੌਜੂਦ ਸਨ।

### ਡੇਂਗੂ ਬੁਖ਼ਾਰ ਦੇ ਲੱਛਣ

ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ।

# ਕਾਮਰੇਡ ਅਮੋਲਕ ਸਿੰਘ ਤੇ ਉਸ ਦੇ ਸਾਥੀਆਂ ਬਰਸੀ ਤੇ ਕਰਾਂਗੇ ਭਾਰੀ ਇਕੱਠ:- ਬਲਕਾਰ ਸਿੰਘ ਸਹੋਤਾ



**ਫ਼ਰੀਦਕੋਟ**

ਸ਼ਹੀਦ ਕਾਮਰੇਡ ਅਮੋਲਕ ਸਿੰਘ ਜੀ ਦੀ 34 ਬਰਸੀ ਦੀ ਤਿਆਰੀ ਕਰਦੇ ਹੋਏ ਨਰੇਗਾ ਮਜ਼ਦੂਰਾ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਪ੍ਰਧਾਨਗੀ ਹੇਠ , ਮੀਟਿੰਗ ਕੀਤੀ ਗਈ , ਮੀਟਿੰਗ ਵਿੱਚ ਪਿੰਡ ਸਿਮਰੇ ਵਾਲਾ ,ਢਿਲਵਾਂ, ਝੋਟੀ ਵਾਲਾ ਦੇ ਮਜ਼ਦੂਰਾਂ ਨੇ ਭਾਗ ਲਿਆ ਅਤੇ ਵਿਚਾਰ ਵਟਾਂਦਰਾ ਕੀਤਾ ਕਿ ਸ਼ਹੀਦ ਅਮੋਲਕ ਸਿੰਘ ਜੀ ਦੀ ਬਰਸੀ ਧੂਮ ਧਾਮ ਨਾਲ ਮਨਾਈ ਜਾਵੇਗੀ ਅਤੇ ਨਾਲ ਹੀ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ, ਮਜ਼ਦੂਰਾਂ ਨੇ ਦੱਸਿਆ ਕਿ ਪਿਛਲੇ ਤਿੰਨ ਤਿੰਨ ਮਹੀਨੇ ਤੋਂ ਉਹਨਾਂ ਦੀ ਪੇਮੈਂਟ ਖਾਤਿਆਂ ਵਿੱਚ ਨਹੀਂ ਪਈ, ਜੋ ਕਿ ਕੇਂਦਰ ਅਤੇ ਪੰਜਾਬ ਸਰਕਾਰ ਨਰੇਗਾ ਮਜ਼ਦੂਰਾਂ ਨਾਲ ਬੇਇਨਸਾਫੀ ਕਰ ਰਹੀ ਹੈ । ਮਜ਼ਦੂਰਾਂ ਨੇ ਇਹ ਵੀ ਦੱਸਿਆ ਕਿ ਸਾਡੇ ਘਰਾਂ ਦੇ ਚੁੱਲੇ ਠੰਡੇ ਪਏ ਹਨ ਮਜ਼ਦੂਰਾਂ ਵੱਲੋਂ ਦੱਸਿਆ ਗਿਆ ਕਿ ਅਸੀਂ ਦੁੱਧ ਦਾ ਬਿੱਲ ਨਹੀਂ ਦੇ ਸਕੇ ਘਰ ਦਾ ਰਾਸ਼ਨ ਕਿਵੇਂ ਲਿਆਈਏ ਇੱਥੇ ਦੱਸਣ ਯੋਗ ਇਹ ਵੀ ਗੱਲ ਹੈ ਬਜ਼ੁਰਗ ਮਾਤਾ ਨੇ ਦੱਸਿਆ ਕੀ ਅਸੀਂ ਆਪਣੀ ਦਵਾਈ ਲੈਣ ਤੋ ਵੀ ਤੰਗ ਹਾ ਸਾਡੀ ਕੋਈ ਸਾਰ ਨਹੀਂ ਲੈ ਰਿਹਾ ਆਮ ਪਾਰਟੀ ਦੇ ਸਰਪੰਚ ਵੀ ਮਨਰੇਗਾ ਮਜ਼ਦੂਰਾਂ ਨਾਲ ਧੱਕਾ ਕਰ ਰਹੇ ਹਨ ।

ਯੂਨੀਅਨ ਦੀ ਨੁਮਾਇੰਦਗੀ ਕਰ ਰਹੇ 'ਬਲਕਾਰ ਸਿੰਘ ਸਹੋਤਾ' ਨੇ , ਇਹਨਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕੀਤੀ ਅਤੇ ਮਨਰੇਗਾ ਮਜ਼ਦੂਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਸ਼ਹੀਦ ਅਮੋਲਕ ਸਿੰਘ ਜੀ ਦੀ ਬਰਸ਼ੀ ਤੋਂ ਬਾਅਦ ਵੱਡਾ ਇਕੱਠ ਕਰਕੇ ਮਨਰੇਗਾ ਮਜ਼ਦੂਰਾਂ ਦੇ ਸੰਬੰਧਿਤ ਵਿਭਾਗ ਦੇ ਖਿਲਾਫ ਭਰਾਤਰੀ ਜੱਥੇਬੰਦੀਆ ਨਾਲ ਮਿਲ ਧਰਨਾ ਪ੍ਰਦਰਸ਼ਨ ਕਰ,ਓਨਾਂ ਹੱਕਾਂ ਤੇ ਪਹਿਰਾ ਦਿੱਤਾ ਜਾਵੇਗਾ।

# ਵਿਸ਼ਵ ਵਾਤਾਵਰਨ ਦਿਵਸ ਤੇ ਟੋਲ ਪਲਾਜਾ ਬੱਲੂਆਣਾ ਵਿਖੇ ਮੈਨੇਜਰ ਅਸਨਾਨ ਖਾਨ ਨੇ ਪੌਦੇ ਲਾਏ

**ਬਠਿੰਡਾ/ਸੱਤਪਾਲ ਮਾਨ**

ਰੁੱਖ ਸਾਡੀ ਜਿੰਦਗੀ ਦਾ ਇੱਕ ਅਹਿਮ ਹਿੱਸਾ ਹਨ, ਰੁੱਖਾਂ ਤੋਂ ਬਿਨਾਂ ਸਾਡਾ ਜੀਵਨ ਸੰਭਵ ਨਹੀਂ, ਇਹ ਸਾਡੇ ਜੀਵਨ ਦਾ ਅਨਮੋਲ ਧਨ ਹਨ। ਇਹ ਕੁੱਦਰਤ ਵੱਲੋਂ ਮਿਲਿਆ ਸਾਡੇ ਲਈ ਅਨਮੋਲ ਤੋਹਫ਼ਾ ਹੈ ।ਸਾਡੇ ਜੀਵਨ ਵਿੱਚ ਰੁੱਖਾਂ ਦਾ ਬਹੁਤ ਮਹੱਤਵ ਹੈ। ਸਾਡੀ ਜਿੰਦਗੀ ਦੇ ਬਹੁਤ ਸਾਰੇ ਪੱਖ ਰੁੱਖਾਂ ਤੇ ਨਿਰਭਰ ਕਰਦੇ ਹਨ । ਅੱਜ ਦੇ ਯੁੱਗ ਵਿੱਚ ਦਿਨੋਂ ਦਿਨ ਵਾਤਾਵਰਨ ਬਹੁਤ ਖਰਾਬ ਹੋ ਰਿਹਾ ਹੈ। ਸਾਨੂੰ ਜਿਊਣ ਲਈ ਆਕਸੀਜਨ ਦੀ ਜਰੂਰਤ ਹੈ ਅਤੇ ਇਹ ਆਕਸੀਜਨ ਸਿਰਫ ਰੁੱਖਾਂ ਤੋਂ ਹੀ ਮਿਲਦੀ ਹੈ। ਇਸ ਲਈ ਆਪਾਂ ਸਾਰਿਆਂ ਨੂੰ ਵਿਸਵ ਵਾਤਾਵਰਨ ਤੇ ਵੱਧ ਤੋਂ ਵੱਧ ਪੌਂਦੇ ਲਾਉਣ ਦਾ ਪ੍ਰਣ ਕਰਨਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਦੇ ਪ੍ਰੋਜੈਕਟ ਇੰਮਪੀਮੈਂਟੇਸ਼ਨ ਯੂਨਿਟ ਦੇ ਮੈਨੇਜਰ ਸ਼ ?ਗੀ ਅਸਨਾਨ ਖਾਨ ਨੇ ਬੱਲੂਆਣਾ ਦੇ ਟੋਲ ਪਲਾਜਾ ਵਿਖੇ ਤਕਰੀਬਨ 550 ਦੇ ਕਰੀਬ ਰੁੱਖ ਲਾਉਣ ਉਪਰੰਤ ਪ੍ਰਗਟਾਏ। ਜਿਨ੍ਹਾਂ ਵਿੱਚ ਨਿੰਮ, ਪਿੱਪਲ, ਡੇਕ, ਬਕਰੈਨ, ਗੁਲਮੋਹਰ ਤੋਂ ਇਲਾਵਾ ਹੋਰ ਵੀ ਵੱਖ - ਵੱਖ ਕਿਸਮ ਦੇ ਛਾਂਦਾਰ ਰੁੱਖ ਸਾ ?ਮਿਲ ਸਨ। ਇਸ ਰੁੱਖ ਲਾਉਣ ਮੁਹਿੰਮ ਮੌਕੇ ਜਸਵਿੰਦਰ ਸਿੰਘ ਰੈਜੀਡੈਂਟ ਇੰਜਨੀਅਰ, ਮਿਸ ਅਨੂ ਸਹਾਇਕ ਹਾਈਵੇਅ ਇੰਜਨੀਅਰ, ਮਨਿੰਦਰ ਸਿੰਘ ਹੋਰਟੀਕਲਚਰ, ਹਰਵਿੰਦਰ ਸਿੰਘ ਠੇਕੇਦਾਰ, ਸੋਹਣ ਸਿੰਘ ਬਲਾਕ ਅਫਸਰ, ਕੁਲਵਿੰਦਰ ਸਿੰਘ ਦਰੋਗਾ, ਜਸਵਿੰਦਰ ਸਿੰਘ ਬੇਲਦਾਰ, ਰਾਜਪਾਲ ਸਿੰਘ, ਟੋਲ ਮੈਨੇਜਰ ਬੱਲੂਆਣਾ ਤਨਵੀਰ ਤਿਆਗੀ ਮੌਜੂਦ ਸਨ ◆ ਇਸ ਮੌਕੇ ਸ਼ ?ਗੀ ਅਸਨਾਨ ਖਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਟੋਲ ਪਲਾਜਿਆ ਦੀਆਂ ਸੜਕਾਂ , ਸੜਕਾਂ ਦੇ ਆਸਪਾਸ ਦਰੱਖਤ ਲਾਉਣ , ਉਨ੍ਹਾਂ ਦੀ ਸੰਭਾਲ ਕਰਨਾ ਸਾਡੀ ਜਿੰਮੇਵਾਰੀ ਹੁੰਦੀ ਹੈ। ਜਿਸਨੂੰ ਸਾਡੇ ਕਰਮਚਾਰੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ।



# ਮਨਿਸਟਰੀਅਲ ਸਟਾਫ ਯੂਨੀਅਨ ਸਿੱਖਿਆ ਵਿਭਾਗ ਦੀ ਸੂਬਾ ਪੱਧਰੀ ਮੀਟਿੰਗ ਅੱਜ

## ਯੂਨੀਅਨ ਨੂੰ ਸੇਵਾਵਾਂ ਦੇਣ ਵਾਲੀਆਂ ਸ਼ਖਸ਼ੀਅਤਾ ਦਾ ਕੀਤਾ ਜਾਵੇਗਾ ਸਨਮਾਨ : ਗੁਰਪ੍ਰੀਤ ਖੱਟੜਾ





**ਦੋਰਾਹਾ/ਪਾਇਲ, ਲਾਲ ਸਿੰਘ ਮਾਂਗਟ**

ਮਨਿਸਟਰੀਅਲ ਸਟਾਫ ਯੂਨੀਅਨ ਸਿੱਖਿਆ ਵਿਭਾਗ ਦੀ ਸੂਬਾ ਪੱਧਰੀ ਮੀਟਿੰਗ ਅੱਜ ਮਿਤੀ 07 ਜੂਨ ਨੂੰ ਖਾਲਸਾ ਸਕੂਲ ਨਕਦੋਰ ਰੋਡ ਜਲੰਧਰ ਵਿਖੇ ਸਰਬਜੀਤ ਸਿੰਘ ਡਿਗਰਾ ਸੂਬਾ ਪ੍ਰਧਾਨ ਅਤੇ ਗੁਰਪ੍ਰੀਤ ਸਿੰਘ ਖੱਟੜਾ ਸੂਬਾ ਜਰਨਲ ਸਕੱਤਰ ਦੀ ਅਗਵਾਈ ਵਿੱਚ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆ ਅਮਨਇੰਦਰ ਸਿੰਘ ਸੂਬਾ ਪ੍ਰੈੱਸ ਸੱਕਤਰ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਯੂਨੀਅਨ ਵੱਲੋਂ ਹੁਣ ਤੱਕ ਕੀਤੇ ਕੰਮਾਂ ਦਾ ਲੇਖਾ ਜੋਖਾ ਕੀਤਾ ਜਾਵੇਗਾ ਅਤੇ ਯੂਨੀਅਨ ਵੱਲੋਂ ਭਵਿੱਖ ਵਿੱਚ ਹੋਣ ਵਾਲੀਆਂ ਅਗਲੀਆਂ ਰਣਨੀਤੀਆ ਦਾ ਖਰੜਾ ਤਿਆਰ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਮੌਕੇ ਯੂਨੀਅਨ ਵਿੱਚ ਵੱਖੋ ਵੱਖਰੇ ਸਮੇਂ ਤੇ ਸੇਵਾ ਨਿਭਾ ਕੇ ਗਏ ਯੂਨੀਅਨ ਦੇ ਸੂਬਾ ਪ੍ਰਧਾਨ ਅਤੇ ਸੂਬਾ ਜਰਨਲ ਸਕੱਤਰ ਅਤੇ ਹੋਰ ਸਖਸ਼ੀਅਤਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਉਹਨਾਂ ਦੱਸਿਆ ਕਿ ਯੂਨੀਅਨ ਵੱਲੋਂ ਪਿਛਲੇ ਦਿਨੀ ਕੀਤੀਆਂ ਗਈਆਂ ਉੱਚ ਅਧਿਕਾਰੀਆਂ ਨਾਲ ਮੀਟਿੰਗਾਂ ਸਦਕੇ ਹੀ ਸਾਥੀਆਂ ਦੇ ਰੁਕੇ ਹੋਏ ਕੰਮ ਹੋਏ ਹਨ ਅਤੇ ਵਿਭਾਗ ਦੁਆਰਾ ਸੁਪਰਡੰਟਾ ਦੇ ਕੇਸ ਵੀ ਮੰਗ ਲਏ ਗਏ ਹਨ ਜਿਹਨਾਂ ਦੀਆਂ ਤਰੱਕੀਆਂ ਜਲਦ ਹੀ ਹੋ ਜਾਣਗੀਆ।ਉਹਨਾਂ ਕਿਹਾ ਕਿ ਕੰਮ ਨਾ ਹੋਣ ਦੀ ਸੂਰਤ ਵਿੱਚ ਲੁਧਿਆਣਾ ਵਿਖੇ ਹੋ ਰਹੀਆਂ ਜ਼ਿਮਨੀ ਚੋਣਾਂ ਵਿੱਚ ਸੰਘਰਸ਼ ਕਰਨ ਲਈ ਯੂਨੀਅਨ ਵੱਲੋਂ ਰੂਪ ਰੇਖਾ ਤਿਆਰ ਕੀਤੀ ਜਾਵੇਗੀ।

# ਭਾਜਪਾ ਮਹਿਲਾ ਮੋਰਚਾ ਵੱਲੋਂ ਮੁੱਖਮੰਤਰੀ ਦੇ 'ਵਨ ਨੇਸ਼ਨ, ਵਨ ਹਸਬੈਂਡ' ਬਿਆਨ ਦਾ ਵਿਰੋਧ

## ਆਪ੍ਰੇਸ਼ਨ ਸੰਦੂਰ ਦੀ ਸਫਲਤਾ 'ਤੇ ਬੌਖਲਾਏ ਭਗਵੰਤ ਮਾਨ: ਸ਼ਰੁਤੀ ਵਿਜ

**ਅਮ੍ਰਿਤਸਰ/ਅਰਵਿੰਦਰ ਵੜੈਚ**

ਪੰਜਾਬ ਦੇ ਮੁੱਖਮੰਤਰੀ ਭਗਵੰਤ ਮਾਨ ਵੱਲੋਂ 'ਵਨ ਨੇਸ਼ਨ, ਵਨ ਹਸਬੈਂਡ' ਬਿਆਨ ਦਾ ਕੜੇ ਸ਼ਬਦਾਂ ਵਿੱਚ ਵਿਰੋਧ ਕਰਦੇ ਭਾਜਪਾ ਮਹਿਲਾ ਮੋਰਚਾ ਨੇ ਕਿਹਾ ਕਿ ਜੇਕਰ ਭਗਵੰਤ ਮਾਨ ਔਰਤਾਂ ਦਾ ਸਨਮਾਨ ਕਰਣਾ ਨਹੀਂ ਜਾਣਦੇ ਤਾਂ ਉਨ੍ਹਾਂ ਨੂੰ ਮੁੱਖਮੰਤਰੀ ਦੇ ਸੰਵਿਧਾਨਕ ਪਦ ਤੇ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ। ਪੱਤਰਕਾਰਾਂ ਵਲੋਂ ਗੱਲਬਾਤ ਦੇ ਦੌਰਾਨ ਭਾਜਪਾ ਮਹਿਲਾ ਮੋਰਚਾ ਅਮ੍ਰਿਤਸਰ ਦੀ ਪ੍ਰਧਾਨ ਸ਼ਰੁਤੀ ਵਿਜ ਨੇ ਮੁੱਖ ਮੰਤਰੀ ਤੇ ਪਹਲਗਾਮ ਆਤੰਕਵਾਦੀ ਹਮਲੇ ਵਿੱਚ ਮਾਰੇ ਗਏ ਲੋਕਾਂ ਦੀਆਂ ਵਿਧਵਾਵਾਂ ਦੀ ਬੇਇੱਜ਼ਤੀ ਕਰਨ ਦਾ ਇਲਜ਼ਾਮ ਲਗਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੇ ਇਸ ਬਿਆਨ ਨਾਲ ਔਰਤਾਂ ਵਿੱਚ ਰੋਸ਼ ਵਿਆਪਤ ਹੈ ਅਤੇ ਉਹ ਮੰਗ ਕਰਦੀ ਹੈ ਕਿ ਮੁੱਖ ਮੰਤਰੀ ਸਾਰਵਜਨਿਕ ਰੂਪ ਆਪਣੇ ਅਤੇ ਵਲੋਂ ਦਿੱਤੇ ਗਏ ਗੈਰ ਜਿੰਮੇਦਾਰਾਨਾ ਅਤੇ ਵਿਵਾਦਿਤ ਬਿਆਨ ਮਾਫੀ ਮੰਗਣ।



ਉਨ੍ਹਾਂ ਨੇ ਕਿਹਾ ਕਿ ਪਹਲਗਾਮ ਵਿੱਚ ਹੋਏ ਆਤੰਕਵਾਦੀ ਹਮਲੇ ਦੇ ਦੌਰਾਨ ਜਿਨ੍ਹਾਂ ਭੈਣਾਂ ਦਾ ਸੰਦੂਰ ਮਿਟਿਆ ਉਸਦਾ ਬਦਲਾ ਸੀ ਆਪ੍ਰੇਸ਼ਨ ਸੰਦੂਰ ਅਤੇ ਇਹ ਅਜੇ ਖ਼ਤਮ ਨਹੀਂ ਹੋਇਆ ਹੈ ਲਗਾਤਾਰ ਜਾਰੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਉਨ੍ਹਾਂ ਔਰਤਾਂ ਕਰਨਲ ਸੋਫਿਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਯੋਮਿਕਾ ਸਿੰਘ ਦਾ ਵੀ ਬੇਇੱਜ਼ਤੀ ਹੈ ਜੋ ਆਪਰੇਸ਼ਨ ਸੰਧੂਰ ਦੇ ਸਮੇਂ ਭਾਰਤੀ ਸੇਨਾਵਾਂ ਨੂੰ ਲੀਡ ਕਰ ਰਹੀਆ ਸਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਜਿੱਥੇ ਦੇਸ਼ ਦੇ ਜੱਸਵਾਨ ਪ੍ਰਧਾਨਮੰਤਰੀ ਸ਼ ?ਗੀ ਨਰੇਂਦਰ ਮੋਦੀ ਜੀ ਦੇਸ਼ ਵਿੱਚ ਔਰਤਾਂ ਦਾ ਸਸ਼ਕਤੀਕਰਣ ਕਰ ਰਹੇ ਹਨ ਉਥੇ ਹੀ ਦੂਜੇ ਪਾਸੇ ਪੰਜਾਬ ਦੇ ਮੁੱਖਮੰਤਰੀ ਭਗਵੰਤ ਮਾਨ ਔਰਤਾਂ ਲਈ ਵਿਵਾਦਿਤ ਟਿੱਪਣੀਆਂ ਕਰਕੇ ਉਨ੍ਹਾਂ ਦਾ ਮਨੋਬਲ ਡਿਗਾ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨਮੰਤਰੀ ਮੋਦੀ ਜੀ ਦੀ ਯੋਗ ਅਗਵਾਈ ਵਿੱਚ ਔਰਤਾਂ ਵਿੱਚ ਸਿੱਖਿਆ, ਆਰਥਕ ਸਸ਼ਕਤੀਕਰਣ, ਸਿਹਤ, ਸੁਰੱਖਿਆ, ਰਾਜਨੀਤਕ ਭਾਗੀਦਾਰੀ ਵਧੀ ਹੈ। ਔਰਤਾਂ ਨੂੰ ਸੁਰੱਖਿਅਤ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਹੋਈ ਹੈ। ਔਰਤਾਂ ਦੀ ਹਾਲਤ ਵਿੱਚ ਸੁਧਾਰ ਹੋਇਆ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਸਮਾਨ ਦਰਜਾ ਮਿਲਿਆ। ਉਨ੍ਹਾਂ ਕਿਹਾ ਕਿ ਔਰਤਾਂ ਦੀ ਬੇਇੱਜ਼ਤੀ ਕਰਨ ਦਾ ਮੁੱਖਮੰਤਰੀ ਭਗਵਤ ਮਾਨ ਦੇ ਕੋਲ ਕੋਈ ਵੀ ਅਧਿਕਾਰ ਨਹੀਂ ਹੈ।

# ਵਿਸ਼ਵ ਵਾਤਾਵਰਨ ਦਿਵਸ ਮੌਕੇ ਪਿੰਡ ਅਵਾਨ ਵਿਖੇ ਬੂਟੇ ਲਗਾਏ ਗਏ

**ਜ਼ੀਰਾ / ਅੰਗਰੇਜ਼ ਬਰਾੜ**

ਵਿਸ਼ਵ ਵਾਤਾਵਰਨ ਦਿਵਸ ਮੌਕੇ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਨਿਗਰਾਨ ਇੰਜੀਨਿਅਰ ਰਵਦੀਸ਼ ਪਾਲ ਸਿੰਘ ਅਤੇ ਕਾਰਜਕਾਰੀ ਇੰਜੀਨਿਅਰ ਲਵਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਦੇ ਦਫਤਰ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਫਿਰੋਜ਼ਪੁਰ ਦੇ ਦਫਤਰਾਂ ਵਿਚ ਵੱਖ ਵੱਖ ਥਾਵਾਂ ਤੇ ਪੌਦੇ ਲਗਾਏ ਅਤੇ ਪੰਚਾਇਤ ਦੀ ਚੱਲ ਰਹੀ ਟ ?ਰੇਨਿੰਗ ਵਿਚ ਪੰਚਾਂ ਸਰਪੰਚਾਂ ਨੂੰ ਪਿੰਡਾਂ ਵਿਚ ਗੁਰਦੁਆਰਾ ਸਾਹਿਬ, ਸਕੂਲਾਂ, ਪਾਰਕਾਂ ਆਦਿ ਜਗ ?ਹਾ ਤੇ ਵੱਧ ਤੋਂ ਵੱਧ ਪੌਦੇ ਲਗਾਉਣ, ਉਹਨਾਂ ਦੀ ਸੰਭਾਲ ਰੱਖਣ ਲਈ ਪ੍ਰੇਰਿਤ ਕੀਤਾ ਤਾਂ ਕਿ ਵਾਤਾਵਰਨ ਨੂੰ ਸ਼ੁੱਧ ਰੱਖਿਆ ਜਾ ਸਕੇ। ਇਸ ਦੌਰਾਨ ਪਿੰਡ ਆਵਾਨ ਚ ਸਾਫ਼ ਸਫਾਈ ਦਾ ਕੰਮ ਸ਼ੁਰੂ ਕਰਵਾਇਆਂ ਗਿਆ ਅਤੇ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਮੈਡਮ ਕਿਰਨਦੀਪ ਕੌਰ ਨੇ ਦੱਸਿਆ ਕਿ ਰੁੱਖ ਤੇ ਪਾਣੀ ਕੁਦਰਤੀ ਦੀਆਂ ਅਣਮੁੱਲੀਆ ਦਾਤਾਂ ਹਨ! ਇਹਨਾਂ ਦੀ ਸਾਂਭ ਸੰਭਾਲ ਕਰਨਾ ਹਰ ਵਿਅਕਤੀ ਦੀ ਨਿੱਜੀ ਜ਼ਿੰਮੇਵਾਰੀ ਬਣਦੀ ਹੈ, ਕਿਉਂਕਿ ਸਾਫ ਤੇ ਸ਼ੁੱਧ ਪਾਣੀ ਅਤੇ ਹਰੇ ਪੌਦੇ ਚੰਗੀ ਸਿਹਤ ਅਤੇ ਤੰਦਰੁਸਤੀ ਬਖਸ਼ਦੇ ਹਨ! ਇਹ ਮੁਹਿੰਮ ਵਾਤਾਵਰਣ ਸੁਰੱਖਿਆ ਅਤੇ ਸਥਿਰਤਾ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਮੈਡਮ ਕਰਨਦੀਪ ਕੌਰ ਦੌਲਤਪੁਰਾ ਨੇ ਕਿਹਾ ਕਿ ਇਸ ਲਈ ਆਓ ਰਲ ਮਿਲ ਆਪਾਂ ਇਸ ਮੁਹਿੰਮ ਚ ਯੋਗਦਾਨ ਪਾਈਏ ਅਤੇ ਵੱਧ ਤੋਂ ਵੱਧ ਪੌਦੇ ਲਗਾਈਏ! ਮੈਡਮ ਕਿਰਨਦੀਪ ਨੇ ਕਿਹਾ ਕਿ ਰੁੱਖ ਲਗਾਓ ਭਵਿੱਖ ਬਚਾਓ ਵਾਤਾਵਰਣ ਨੂੰ ਹਰਿਆ ਭਰਿਆ ਬਣਾਓ! ਇਸ ਮੁਹਿੰਮ ਤਹਿਤ ਅੱਜ ਪਿੰਡ ਆਵਾਨ ਬਲਾਕ ਜੀਰਾ ਵਿਖੇ ਰੁੱਖ ਲਗਾਏ ਅਤੇ ਸਫਾਈ ਕਰਵਾਈ ਗਈ! ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਸਬ ਡਵੀਜ਼ਨ ਜ਼ੀਰਾ 1,2 ਫਿਰੋਜ਼ਪੁਰ ਅਤੇ ਜ਼ੀਰਾ ਵਿਖੇ ਡੀ ਡਬਲ ਯੂ ਐਸ ਐਸ ਨੇ ਵਿਸ਼ਵ ਵਾਤਾਵਰਣ ਦਿਵਸ 2025 ਤੋਂ ਇੱਕ ਰਾਜ ਵਿਆਪੀ ਜਨ ਲਾਮਬੰਦੀ ਮੁਹਿੰਮ ਤਹਿਤ ਵਾਤਾਵਰਣ ਸੁਰੱਖਿਆ ਅਤੇ ਸਥਿਰਤਾ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕੀਤਾ! ਇਸ ਮੌਕੇ ਜਲ ਵਿਭਾਗ ਦੇ ਐਸ ਡੀ ਓ ਰਾਮੇਸ਼ ਕੁਮਾਰ ਜ਼ੀਰਾ-1, ਐਸ ਡੀ ਓ ਸ਼ਿਵਇੰਦਰ ਸਿੰਘ, ਜੇ ਈ ਵਿਸ਼ਵਜੀਤ ਸਿੰਘ ,ਬੀ ਆਰ ਸੀ ਕਿਰਨਦੀਪ ਕੌਰ,ਪਿੰਡ ਆਵਾਨ ਦੇ ਸਰਪੰਚ ਗੁਰਦਰਸ਼ਨ ਕੌਰ ਲਮਹੇ, ਦਲਜੀਤ ਸਿੰਘ ਲਮਹੇ ਅਤੇ ਪਿੰਡ ਵਾਸੀ ਹਾਜ਼ਰ ਸਨ

# ਐਨ ਜੀ ਓ ਕੁਆਰਡੀਨੇਸ਼ਨ ਕਮੇਟੀ ਬਲਾਕ ਜ਼ੀਰਾ ਦੀ ਮੀਟਿੰਗ ਹੋਈ



**ਜ਼ੀਰਾ/ਅੰਗਰੇਜ਼ ਬਰਾੜ**

ਜ਼ਿਲ੍ਹਾ ਫਿਰੋਜ਼ਪੁਰ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਬਲਾਕ ਜ਼ੀਰਾ ਦੀ ਅਹਿਮ ਮੀਟਿੰਗ ਪ੍ਰਧਾਨ ਲੈਕਚਰਰ ਨਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਿੰਘ ਸਭਾ ਜ਼ੀਰਾ ਵਿਖੇ ਹੋਈ। ਇਸ ਮੀਟਿੰਗ ਵਿੱਚ ਸ੍ਰੀ ਸਤਿੰਦਰ ਸਚਦੇਵਾ ਜ਼ਿਲ੍ਹਾ ਵਾਈਸ ਚੇਅਰਮੈਨ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਵਿਸ਼ੇਸ਼ ਤੌਰ ਤੇ ਪਹੁੰਚੇ। ਮੀਟਿੰਗ ਦੌਰਾਨ ਪਿਛਲੇ ਸਾਲ ਵਿੱਚ ਸਮਾਜ ਸੇਵਾ ਲਈ ਕੀਤੇ ਗਏ ਕੰਮਾਂ ਦੀ ਸਮੀਖਿਆ ਕੀਤੀ ਗਈ ਅਤੇ ਮੈਂਬਰਾਂ ਵੱਲੋਂ ਤਸੱਲੀ ਪ੍ਰਗਟਾਈ ਗਈ। ਮੀਟਿੰਗ ਵਿੱਚ ਸਮੂਹ ਮੈਂਬਰਾਂ ਦੀ ਸਰਬਸੰਮਤੀ ਨਾਲ ਉਘੇ ਸਮਾਜ ਸੇਵੀ ਭਾਰਤ ਵਿਕਾਸ ਪਰਿਸ਼ਦ ਜੀਰਾ ਦੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲ ਜ਼ੀਰਾ ਦੇ ਧਰਮਪਤਨੀ ਮਰਹੂਮ ਕੌਂਸਲਰ ਸ਼੍ਰੀਮਤੀ ਸੀਮਾ ਵਿੱਜ ਦੀ ਨਿੱਘੀ ਯਾਦ ਵਿੱਚ ਵਿਸ਼ਾਲ ਖ਼ੂਨਦਾਨ ਕੈਂਪ ਲਗਾਉਣ ਦਾ ਫੈਸਲਾ ਕੀਤਾ ਗਿਆ। ਉਨਾਂ ਦੱਸਿਆ ਕਿ ਮਰਹੂਮ ਕੌਂਸਲਰ ਸ੍ਰੀ ਮਤੀ ਸੀਮਾ ਵਿੱਜ ਜੀ ਦੀ ਯਾਦ ਵਿੱਚ 15 ਜੁਲਾਈ 2025 ਨੂੰ ਵਿਸ਼ਾਲ ਖ਼ੂਨਦਾਨ ਕੈਂਪ ਸ਼ਿਵਾਲਾ ਮੰਦਰ ਜ਼ੀਰਾ ਵਿਖੇ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਬਲੱਡ ਬੈਂਕ ਸਿਵਲ ਹਸਪਤਾਲ ਫਿਰੋਜਪੁਰ ਦੀ ਟੀਮ ਵੱਲੋਂ ਖ਼ੂਨ ਇਕੱਤਰ ਕਰਨ ਲਈ ਬੁਲਾਉਣ ਦਾ ਫੈਸਲਾ ਵੀ ਲਿਆ ਗਿਆ ਹੈ। ਇਸ ਮੌਕੇ ਮੀਟਿੰਗ ਵਿੱਚ ਲੈਕਚਰਾਰ ਨਰਿੰਦਰ ਸਿੰਘ ਪ੍ਰਧਾਨ, ਸਤਿੰਦਰ ਸਚਦੇਵਾ ਜਿਲਾ ਵਾਈਸ ਚੇਅਰਮੈਨ, ਨਛੱਤਰ ਸਿੰਘ ਠੇਕੇਦਾਰ ਸਰਪ੍ਰਸਤ ਸਹਾਰਾ ਕਲੱਬ, ਗੁਰਬਖਸ਼ ਸਿੰਘ ਵਿੱਜ ਜਰਨਲ ਸਕੱਤਰ, ਪੁਸ਼ਪਿੰਦਰ ਸਿੰਘ ਹੈਪੀ ਕੈਸ਼ੀਅਰ, ਜਸਵਿੰਦਰ ਸਿੰਘ ਖਾਲਸਾ ਅਡਵਾਈਜ਼ਰ , ਸੁਖਦੇਵ ਬਿੱਟੂ ਵਿੱਜ ਪ੍ਰਧਾਨ ਭਾਰਤ ਵਿਕਾਸ ਪ੍ਰੀਸ਼ਦ , ਮਹਿੰਦਰ ਪਾਲ ਮੈਨੇਜਰ, ਅਮਰਜੀਤ ਸਿੰਘ ਸਨੇਰਵੀ, ਵਿਜੇ ਮੋਂਗਾ ਪ੍ਰਧਾਨ ਇੰਟਰਨੈਸ਼ਨਲ ਅਲਾਇੰਸ ਕਲੱਬ, ਤਰਸੇਮ ਸਿੰਘ ਆਦਿ ਐਨਜੀਓ ਕਮੇਟੀ ਦੇ ਮੈਂਬਰ ਹਾਜ਼ਰ ਸਨ।

# ਪੈਨਸ਼ਨਰਾਂ ਦੀਆਂ ਲੰਬਿਤ ਪਈਆਂ ਹੱਕੀ ਮੰਗਾਂ ਦਾ ਜਲਦ ਹੋਵੇ ਹੱਲ—ਓਮ ਪ੍ਰਕਾਸ਼

**ਫਿਰੋਜ਼ਪੁਰ/ਮਨੋਹਰ ਲਾਲ**

ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਰ ਮੀਟਿੰਗ ਕਾਮਰੇਡ ਜਰਨੈਲ ਸਿੰਘ ਭਵਨ ਵਿਖੇ ਪ੍ਰਧਾਨ ਬਲਵੰਤ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਸ਼ੁਰੂ ਕਰਨ ਤੋਂ ਹਿਲਾਂ ਅਸ਼ੋਕ ਅਰੋੜਾ ਰਿਟਾਇਰਡ ਬੈਂਕ ਮੈਨੇਜਰ ਪੀ.ਐਨ.ਬੀ ਦੇ ਭਰਾ ਦੇ ਸਵਰਗਵਾਸ ਹੋ ਜਾਣ ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ, ਜਿਸ ਉਪਰੰਤ ਮੀਟਿੰਗ ਦੌਰਾਨ ਵੱਖ—ਵੱਖ ਮਹਿਕਮਿਆਂ ਦੇ ਪੈਨਸ਼ਨਰ ਹਾਜ਼ਰ ਹੋਏ। ਮੀਟਿੰਗ ਵਿਚ ਬੋਲਦਿਆਂ ਪੈਨਸ਼ਨ ਆਗੂ ਬਲਬੀਰ ਸਿੰਘ ਸੰਧੂ, ਮਲਕੀਤ ਚੰਦ ਪਾਸੀ, ਕੁਲਦੀਪ ਸਿੰਘ ਖੁੰਘਰ, ਮਨਜੀਤ ਸਿੰਘ, ਸੰਤ ਰਾਮ, ਹਰਨਾਮ ਸਿੰਘ ਲੈਕਚਰਾਰ, ਮੇਜਰ ਸਿੰਘ ਲੈਕਚਰਾਰ ਨੇ ਕਿਹਾ ਕਿ ਸਰਕਾਰ ਨੂੰ ਹੋਂਦ ਵਿਚ ਆਇਆ ਸਾਢੇ ਤਿੰਨ ਸਾਲ ਹੋ ਚੱਲੇ ਹਨ, ਪਰ ਮੁਲਾਜ਼ਮਾਂ, ਪੈਨਸ਼ਨਰਾਂ ਨਾਲ ਕੀਤੇ ਵਾਇਦੇ ਪੂਰੇ ਨਹੀਂ ਕੀਤੇ। ਆਗੂਆਂ ਨੇ ਕਿਹਾ ਕਿ ਪੈਨਸ਼ਨਰਾਂ, ਮੁਲਾਜ਼ਮਾਂ ਵਿਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ, ਸਰਕਾਰ ਨੇ 2.59 ਦਾ ਫੈਕਟਰ ਲਾਗੂ ਨਹੀਂ ਕੀਤਾ, 113 ਤੋਂ 119 ਫੀਸਦੀ ਨਾਲ ਪੈਨਸ਼ਨ ਸੋਧ ਨਹੀਂ ਕੀਤੀ, 13 ਫੀਸਦੀ ਰਹਿੰਦੀਆਂ ਡੀ.ਏ ਦੀਆਂ ਕਿਸ਼ਤਾਂ ਅਤੇ ਡੀ.ਏ ਦਾ ਬਕਾਇਆ ਜਾਰੀ ਨਹੀਂ ਕੀਤਾ, ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ, ਕੱਚੇ ਕਰਮਚਾਰੀ ਪੱਕੇ ਨਹੀਂ ਕੀਤੇ, ਪੈਨਸ਼ਨਰਾਂ ਨੂੰ 42 ਕਿਸ਼ਤਾਂ ਵਿਚ ਬਕਾਇਆ ਦੇਣ ਦੀ ਬਜਾਏ ਇਕੋ ਕਿਸ਼ਤ ਵਿਚ ਦਿੱਤਾ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਜਲਦੀ ਮੰਗਾਂ ਦਾ ਹੱਲ ਨਾ ਕੀਤਾ ਤਾਂ 14 ਜੂਨ ਨੂੰ ਲੁਧਿਆਣਾ ਪੱਛਮੀ ਵਿਚ ਸਾਂਝੇ ਫਰੰਟ ਵੱਲੋਂ ਰੋਸ ਮਾਰਚ ਕੀਤਾ ਜਾਵੇਗਾ। ਇਸ ਸਮੇਂ ਪ੍ਰੇਮ ਚੰਦ ਨੂੰ 80 ਸਾਲ ਦੀ ਉਮਰ ਪੂਰੀ ਹੋਣ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੀਤਮ ਸਿੰਘ, ਸੁਰਜੀਤ ਸਿੰਘ, ਸਤੀਸ਼ ਠਾਕੁਰ, ਜ਼ਸਵੰਤ ਮੈਣੀ, ਗੁਰਚਰਨ ਸਿੰਘ, ਪਰਵੇਜ਼ ਸਿਡਾਨਾ, ਅਵਤਾਰ ਸਿੰਘ, ਬਲਦੇਵ ਰਾਜ ਆਦਿ ਹਾਜ਼ਰ ਸਨ



# ਸੰਤ ਕਬੀਰ ਕਾਲਜ ਜ਼ੀਰਾ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ



**ਜ਼ੀਰਾ / ਅੰਗਰੇਜ਼ ਬਰਾੜ**

ਸੰਤ ਕਬੀਰ ਕਾਲਜ ਜ਼ੀਰਾ ਦੇ ਵਿਦਿਆਰਥੀਆਂ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਬੜੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਸਰਦਾਰ ਗੁਰਚਰਨ ਸਿੰਘ ਅਤੇ ਮੈਨੇਜਿੰਗ ਡਾਇਰੈਕਟਰ ਡਾ ਸੁਖਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਸ਼ੁੱਧ ਰਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਪ੍ਰੇਰਣਾ ਦਿੱਤੀ। ਇਸ ਸਮਾਗਮ ਦੌਰਾਨ ਕਾਲਜ ਦੇ ਪ੍ਰਿੰਸੀਪਲ ਡਾ ਵੀਰਪਾਲ, ਸਵਰਣ ਸਿੰਘ, ਹਰਮਨਦੀਪ ਸਿੰਘ, ਪਰਮਿੰਦਰ ਸਿੰਘ, ਆਸ਼ਾ ਵਿਨਾਇਕ, ਅਰਚਨਾ, ਮਨਪ੍ਰੀਤ ਕੌਰ, ਸਿਮਰਨ, ਹਰਪ੍ਰੀਤ ਕੌਰ, ਜਗਰੂਪ ਕੌਰ, ਗਗਨਦੀਪ ਕੌਰ, ਰਮਨਦੀਪ ਕੌਰ, ਅਮਨਦੀਪ ਕੌਰ ਅਤੇ ਅਮਾਨਤ ਨੇ ਵੀ ਭਾਗ ਲਿਆ। ਸਟਾਫ ਅਤੇ ਵਿਦਿਆਰਥੀਆਂ ਵੱਲੋਂ ਪੌਦੇ ਲਗਾ ਕੇ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾਉਣ ਅਤੇ ਹਰੇ-ਭਰੇ ਭਵਿੱਖ ਦੀ ਰਚਨਾ ਲਈ ਜਾਗਰੂਕਤਾ ਫੈਲਾਈ ਗਈ। ਇਸ ਤਰ੍ਹਾਂ ਦਾ ਉਪਰਾਲਾ ਨਿਸ਼ਚਿਤ ਹੀ ਸਮਾਜ ਵਿਚ ਸਕਾਰਾਤਮਕ ਬਦਲਾਵ ਲਿਆਉਣ ਵੱਲ ਇੱਕ ਵੱਡਾ ਕਦਮ ਹੈ।

# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਦੀ ਸੂਝ-ਬੂਝ ਦੀ ਸ਼ਲਾਘਾ - ਸਾਬਕਾ ਵਿਧਾਇਕ ਬ੍ਰਹਮਪੁਰਾ

## ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੌਮ ਦੀ ਸ਼ਹੀਦਾਂ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ - ਬ੍ਰਹਮਪੁਰਾ

**ਤਰਨ ਤਾਰਨ**

ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਸਾਕਾ ਨੀਲਾ ਤਾਰਾ ਦੀ 41ਵੀਂ ਵਰ੍ਹੇਗੰਢ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਭਾਈ ਗਈ ਉਸਾਰੂ ਭੂਮਿਕਾ ਦੀ ਭਰਪੂਰ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੌਮ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦਿਆਂ ਲਏ ਗਏ ਫੈਸਲਿਆਂ ਨੇ ਪੰਥਕ ਏਕਤਾ ਨੂੰ ਮਜ਼ਬੂਤ ਕੀਤਾ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਟਕਰਾਅ ਦੀ ਸਥਿਤੀ ਨੂੰ ਟਾਲ ਦਿੱਤਾ ਹੈ। ਇੱਥੇ ਜਾਰੀ ਇੱਕ ਪ੍ਰੈੱਸ ਬਿਆਨ ਵਿੱਚ ਸ੍ਰ. ਬ੍ਰਹਮਪੁਰਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਮੁੱਚੀ ਸਿੱਖ ਕੌਮ ਲਈ ਸਰਵਉੱਚ ਹੈ ਅਤੇ ਇਸ ਦੀ ਮਰਿਆਦਾ ਅਤੇ ਸਤਿਕਾਰ ਨੂੰ ਕਾਇਮ ਰੱਖਣਾ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੇ ਜਿਸ ਸੂਝ-ਬੂਝ ਅਤੇ ਦੂਰਅੰਦੇਸ਼ੀ ਦਾ ਸਬੂਤ ਦਿੰਦਿਆਂ, ਪੰਥਕ ਏਕਤਾ ਨੂੰ ਮੁੱਖ ਰੱਖ ਕੇ, ਬਹੁਤ ਹੀ ਸੁਚੱਜੇ ਢੰਗ ਨਾਲ ਕੌਮ ਨੂੰ ਆਪਣਾ ਸੰਦੇਸ਼ ਦਿੱਤਾ, ਉਹ ਬੇਹੱਦ ਸ਼ਲਾਘਾਯੋਗ ਹੈ। ਇਸ ਕਦਮ ਨੇ ਨਾ ਸਿਰਫ਼ ਮਰਿਆਦਾ ਨੂੰ ਕਾਇਮ ਰੱਖਿਆ ਬਲਕਿ ਉਨ੍ਹਾਂ ਤਾਕਤਾਂ ਨੂੰ ਵੀ ਨਿਰਾਸ਼ ਕੀਤਾ ਜੋ ਪੰਥ ਵਿੱਚ ਵੰਡੀਆਂ ਪਾਉਣ ਦੀ ਤਾਕ ਵਿੱਚ ਰਹਿੰਦੀਆਂ ਹਨ। ਸ੍ਰ. ਬ੍ਰਹਮਪੁਰਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਵੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਥਿਤੀ ਦੀ ਨਜ਼ਾਕਤ ਨੂੰ ਸਮਝਦਿਆਂ ਅਤੇ ਸਾਰੀਆਂ ਧਿਰਾਂ ਨਾਲ ਤਾਲਮੇਲ ਕਰਕੇ ਜੋ ਭੂਮਿਕਾ ਨਿਭਾਈ ਹੈ, ਉਸ ਨਾਲ ਪੰਥਕ ਜਥੇਬੰਦੀਆਂ ਵਿੱਚ ਆਪਸੀ ਵਿਸ਼ਵਾਸ ਵਧਿਆ ਹੈ।



ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸ਼ਹੀਦ ਹੋਏ ਸਿੰਘਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕਰਨ ਦੀ ਰਸਮ ਨਿਭਾਉਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਕੌਮ ਆਪਣੇ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਦੀ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ, 'ਇਹ ਸਮਾਂ ਪੰਥਕ ਏਕਤਾ ਅਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਦਾ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੇ ਮਿਲ ਕੇ ਜੋ ਰਾਹ ਦਿਖਾਇਆ ਹੈ, ਉਹ ਸਾਨੂੰ ਸਾਰਿਆਂ ਨੂੰ ਆਪਸੀ ਮਤਭੇਦ ਭੁਲਾ ਕੇ ਗੁਰੂ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਸ੍ਰ. ਬ੍ਰਹਮਪੁਰਾ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਫ਼ੈਸਲਾ ਕਿਸੇ ਦੀ ਹਾਰ ਜਾਂ ਜਿੱਤ ਦਾ ਪ੍ਰਤੀਕ ਨਹੀਂ, ਬਲਕਿ ਪੰਥ ਦੀ ਜਿੱਤ ਦਾ ਪ੍ਰਤੀਕ ਹੈ। ਇਸ ਨਾਲ ਦੁਨੀਆ ਭਰ ਵਿੱਚ ਵੱਸਦੀ ਸਿੱਖ ਸੰਗਤ ਨੂੰ ਇੱਕਜੁਟਤਾ ਦਾ ਸਕਾਰਾਤਮਕ ਸੰਦੇਸ਼ ਗਿਆ ਹੈ। ਉਨ੍ਹਾਂ ਸਮੂਹ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀ ਸੂਝ-ਬੂਝ ਅਤੇ ਆਪਸੀ ਤਾਲਮੇਲ ਨਾਲ ਕੌਮ ਨੂੰ ਦਰਪੇਸ਼ ਮਸਲਿਆਂ ਦਾ ਹੱਲ ਕੱਢਣ ਤਾਂ ਜੋ ਪੰਥ ਦੀ ਸ਼ਕਤੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।